1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 104
ਨੰਬਰ 20

੧ ਤੋਂ ੧੫ ਮੱਘਰ ੨੦੮੧ ਬਿ.
16 to 30 November 2024

# ਸਤਿ ਜੁਗ

## ਸ੍ਰੀ ਸਤਿਗੁਰੂ ਜੀ ਦਾ ਜੈਪੁਰ ਦਾ ਦੌਰਾ – 18/10/2024





















# ਸਤਿਜੁਗ

੧ ਤੋਂ ੧੫ ਮੱਘਰ ੨੦੮੧ ਬਿ.
16 ਤੋਂ 30 ਨਵੰਬਰ 2024 ਈ.
ਜਿਲਦ 104, ਨੰਬਰ 20



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ....................4
* ਗੁਰਬਾਣੀ ਵਿਆਖਿਆ....................6
* ਨਾਮਧਾਰੀ ਜਗਤ ਦੀ 1862 ਈ. ਦੀ ਅੰਮ੍ਰਿਤਸਰ ਦੀ ਦੀਵਾਲੀ
  ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)....................8
* ਪ੍ਰਦੂਸ਼ਣ ਰਹਿਤ ਦੀਵਾਲੀ
  ਮਨਪ੍ਰੀਤ ਕੌਰ....................11
* ਧਰਮਾਂ ਦੀਆਂ ਵਲਗਣਾਂ ਦੇ ਪਾਰ
  ਰਾਮਚੰਦਰ ਗੁਹਾ....................13
* ਬਾਬਾ ਬੁੱਢਾ ਸਿੰਘ ਵਾਂ
  ਸੁਵਰਨ ਸਿੰਘ ਵਿਰਕ....................16
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ....................19
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ....................22
* Humility – The Essence of *Sikhi*
  Alla Singh....................25
* How ChatGPT robs students of motivation to write and think for themselves
  Naomi S. Baron....................29
* ਕਾਵਿ-ਕਿਆਰੀ....................32
* ਬੱਚਿਆਂ ਦਾ ਪੰਨਾ....................34
* ਖ਼ਬਰਨਾਮਾ....................35
* Matrimonial....................41



ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਦੀਵਾਲੀ ਭਾਰਤ ਦਾ ਸਭ ਤੋਂ ਵੱਡਾ ਤਿਉਹਾਰ ਹੈ। ਇਸ ਦੀ ਆਮਦ ਦੀਆਂ ਤਿਆਰੀਆਂ ਮਹੀਨਾ ਪਹਿਲਾਂ ਸਾਫ਼ ਦਿਖਾਈ ਦੇਣ ਲੱਗ ਜਾਦੀਆਂ ਹਨ ਅਤੇ ਮਹੀਨਾ ਬਾਅਦ ਵੀ ਇਸ ਦੀ ਚਰਚਾ ਆਮ ਰਹਿੰਦੀ ਹੈ। ਦੀਵਾਲੀ 'ਤੇ ਤੋਹਫ਼ਿਆਂ ਦਾ ਅਦਾਨ ਪ੍ਰਦਾਨ, ਮਠਿਆਈਆਂ ਘਰੇਲੂ ਖਰੀਦੋ-ਫ਼ਰੋਕਤ, ਸਫਾਈਆਂ ਅਤੇ ਪਟਾਕੇ ਇਸ ਨੂੰ ਦੋ ਗੁਣਾ ਅਸਰਦਾਰ ਬਣਾ ਦਿੰਦੇ ਹਨ। ਦੀਵਾਲੀ ਤੋਂ ਪਹਿਲਾਂ ਨਕਲੀ ਮਠਿਆਈਆਂ ਦੀ ਚਰਚਾ ਮੀਡੀਆਂ ਅਦਾਰਿਆਂ ਵਿਚ ਤੇਜ ਹੁੰਦੀ ਹੈ ਅਤੇ ਦੀਵਾਲੀ ਤੋਂ ਬਾਅਦ ਵਧੇ ਪ੍ਰਦੂਸ਼ਣ ਦੀ। ਇਹ ਵਧਿਆ ਪ੍ਰਦੂਸ਼ਨ ਗਲੇ, ਨੱਕ ਅਤੇ ਅੱਖਾਂ ਦੀਆਂ ਕਈ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ। ਕਈ-ਕਈ ਹਫ਼ਤੇ ਸੂਰਜ ਦੀ ਝਲਕ ਨੂੰ ਹੀ ਲੋਕ ਤਰਸ ਜਾਂਦੇ ਹਨ। ਇਸ ਵਾਰੀ ਭਾਂਵੇ ਸਰਕਾਰ ਨੇ ਬਹੁਤ ਜੋਰ ਲਾਇਆ ਹੈ ਪਰ ਇਹ ਸਭ ਘੱਟ ਹੋਵੇ ਇਸ ਦੀ ਉਮੀਦ

ਨਾ ਦੇ ਬਰਾਬਰ ਹੈ।

ਦੀਵਾਲੀ ਦੀ ਦਾਸਤਾਨ ਨੂੰ ਭਾਂਵੇ ਭਗਵਾਨ ਰਾਮ ਚੰਦਰ ਜੀ ਦੀ ਆਮਦ ਨਾਲ ਜੋੜਿਆ ਜਾਂਦਾ ਹੈ ਪਰ ਕਈ ਵਿਦਵਾਨਾਂ ਦਾ ਮੰਨਣਾ ਹੈ ਕਿ ਕੱਤਰ ਦੀ ਮੱਸਿਆ ਅਤੇ ਪੂਰਨਮਾਸੀ ਦੋਵੇਂ ਹੀ ਆਦਮ ਦੇ ਇਤਿਹਾਸ ਵਿੱਚ ਮਹੱਤਵਪੂਰਨ ਰਹੇ ਹਨ। ਦੀਵਾਲੀ ਨੂੰ ਕੱਤਕ ਦੀ ਮੱਸਿਆ ਵਾਲਾ ਦਿਨ ਹੁੰਦਾ ਹੈ। ਪੁਰਾਣੇ ਅੰਧ ਵਿਸ਼ਵਾਸ ਅਨੁਸਾਰ ਇਸ ਦਿਨ ਨੂੰ ਜੰਤਰ ਮੰਤਰ ਟੂਣੇ ਆਦਿ ਲਈ ਸਭ ਤੋਂ ਢੁੱਕਵਾਂ ਮੰਨਦੇ ਸੀ। ਇਸ ਲਈ ਲੋਕ ਡਰਦੇ ਆਪਣੇ ਘਰਾਂ ਦੇ ਬਾਹਰ ਚਾਨਣ ਰਖਦੇ ਤਾਂ ਕਿ ਕੋਈ ਟੂਣਾ ਨਾ ਕਰ ਜਾਵੇ ਅਤੇ ਬਾਹਰ ਸਾਝੀਆਂ ਤੇ ਪਵਿੱਤਰ ਥਾਵਾਂ 'ਤੇ ਦੀਵੇ ਬਾਲਦੇ ਸਨ। ਦੂਜਾ ਵਿਦਵਾਨਾਂ ਦੀ ਇਹ ਵੀ ਮਨੌਤ ਹੈ ਕਿ ਭਗਵਾਨ ਰਾਮ ਚੰਦ੍ਰ ਦਾ ਧਨੁਸ਼ ਤੋੜਣਾ ਇਕ ਸੰਕੇਤ ਹੈ, ਮਨੁੱਖ ਦਾ ਸ਼ਿਕਾਰ ਵਲੋਂ ਖੇਤੀ ਵੱਲ ਨੂੰ ਮੁੜਨ ਦਾ। ਸੀਤਾ ਦਾ ਅਰਥ ਸੰਸਕ੍ਰਿਤ ਵਿੱਚ ਸਿਆੜ/ਓੜਾ ਹੁੰਦਾ ਹੈ। ਪ੍ਰੋ. ਭੁਪਿੰਦਰ ਸਿੰਘ ਖਹਿਰਾ ਲਿਖਦੇ ਹਨ "ਪਤੰਜਲੀ ਨੇ ਆਪਣੇ ਗ੍ਰੰਥ ਵਿੱਚ ਇਕ ਅਧਿਆਏ ਦਾ ਨਾਮ ਸੀਤਾ ਅਧਿਕਕਸ਼ ਰੱਖਿਆ ਹੈ। ਜਿਸ ਵਿੱਚ ਖੇਤੀਬਾੜੀ ਨਾਲ ਸਬਧੰਤ ਗਿਆਨ ਨੂੰ ਸੰਤੋਖਿਆ ਹੈ।"

ਦੀਵੇ ਦਾ ਬਲਣਾ ਹੀ ਅੰਧੇਰੇ ਦਾ ਨਾਸ ਅਤੇ ਗਿਆਨ ਹੋਣ ਦਾ ਪ੍ਰਤੀਕ ਹੈ। ਇਸ ਕਰਕੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਸੀ-

ਦੀਵਾ ਬਲੈ ਅੰਧੇਰਾ ਜਾਇ॥
ਬੇਦ ਪਾਠ ਮਤਿ ਪਾਪਾ ਖਾਇ॥
ਉਗਵੈ ਸੂਰ ਨ ਜਾਪੈ ਚੰਦੁ॥
ਜਹ ਗਿਆਨ ਪ੍ਰਗਾਸ ਅਗਿਆਨ ਮਿਟੰਤ॥

ਸ਼ਬਦ ਦਾ ਗਿਆਨ ਮਨੁੱਖ ਦੀ ਅਗਿਆਨਤਾ ਨੂੰ ਖਤਮ ਕਰ ਦਿੰਦਾ ਹੈ। ਉਹ ਅਗਿਆਨਤਾ ਜਾਂ ਭੁਲੇਖਾ ਚੰਦਰਮਾ ਵਰਗਾ ਹੋ ਸਕਦਾ ਹੈ। ਚੰਦਰਮਾ ਦਾ ਆਪਣਾ ਚਾਨਣ ਨਹੀਂ ਹੁੰਦਾ ਪਰ ਸੂਰਜ ਅਨਹੋਂਦ ਵਿੱਚ ਉਹ ਆਪਣੀ ਰੋਸ਼ਨੀ ਨਾਲ ਪ੍ਰਭਾਵਿਤ ਕਰਦਾ ਹੈ ਪਰ ਜਦੋਂ ਸੂਰਜ ਆ ਜਾਵੇ ਤਾਂ ਇਸ ਦੀ ਦਿਖ ਖਤਮ ਹੋ ਜਾਂਦੀ ਹੈ। ਮਨੁੱਖ ਅੰਦਰ ਪੂਰਨ ਗਿਆਨ ਹੋਣ 'ਤੇ ਚੰਦਰਮਾ ਵਰਗੇ ਛੋਟੇ ਭੁਲੇਖਿਆ ਦਾ ਨਾਸ ਹੁੰਦਾ ਹੈ। ਗਿਆਨ ਰੂਪੀ ਦੀਵਾ ਹਿਰਦੇ ਵਿੱਚ ਬਾਲਣ ਵਾਲੇ ਨੂੰ ਗੁਰੂ ਨਾਨਕ ਪਾਤਸ਼ਾਹ ਰਾਗ ਰਾਮਕਲੀ ਵਿੱਚ ਲਿਖਦੇ ਹਨ-

ਐਸਾ ਦੀਵਾ ਬਾਲੇ ਕੋਇ ਨਾਨਕ ਸੋ ਪਾਰੰਗਤਿ ਹੋਇ॥

ਉਹ ਮਨੁੱਖ ਜੋ ਇਸ ਸ਼ਬਦ ਦੇ ਉਪਰੋਕਤ ਪੰਗਤੀਆਂ ਨੂੰ ਹਿਰਦੇ ਵਿੱਚ ਵਸਾ ਲੈਂਦਾ ਹੈ ਉਹ ਪਾਰੰਗਤਿ ਭਾਵ ਜਗਤ ਜਲੰਦੇ ਵਿਚੋਂ ਪਾਰ ਲਗਾਉਣ ਵਾਲੀ ਆਤਮਿਕ ਅਵਸਥਾ ਦਾ ਧਾਰਨੀ ਬਣ ਜਾਂਦਾ ਹੈ।

ਸੁਰਤੀ ਸੁਰਤਿ ਰਲਾਈਐ ਏਤੁ॥
ਤਨੁ ਕਰਿ ਤੁਲਹਾ ਲੰਘਹਿ ਜੇਤੁ॥
ਅੰਤਰਿ ਭਾਹਿ ਤਿਸੈ ਤੂ ਰਖੁ॥
ਅਹਿਨਿਸ ਦੀਵਾ ਬਲੈ ਅਥਕੁ॥

........................................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਪਕੜ ਪਛਾੜੇ ਰਾਕਸਾਂ ਦਲ ਦੈਤਾਂ ਅੰਦਰਿ ਜਾਇ ਕੈ॥**

ਰਾਖਸ਼ਾਂ ਅਤੇ ਦੈਂਤਾਂ ਦੇ ਦਲ ਵਿੱਚ ਜਾ ਕੇ ਦੁਰਗਾ ਉਹਨਾਂ ਨੂੰ ਫੜ੍ਹ-ਫੜ੍ਹ ਕੇ ਮਾਰਨ ਲੱਗ ਪਈ।

Penetrating the demon army, Durga annihilated them one by one.

**ਬਹੁ ਕੇਸੀਂ ਪਕੜ ਪਛਾੜਿਅਨਿ ਤਿਨ ਅੰਦਰਿ ਧੂਮ ਰਚਾਇ ਕੈ॥**

ਕਾਲਕਾ ਅਤੇ ਚੰਡੀ ਨੇ ਰਾਖਸ਼ਾਂ ਨੂੰ ਕੇਸਾਂ ਤੋਂ ਪਕੜ-ਪਕੜ ਕੇ ਇਸ ਤਰ੍ਹਾਂ ਮਾਰਿਆ ਕਿ
ਉਹਨਾਂ ਦੀ ਸਾਰੇ ਪਾਸੇ ਧੁੰਮ ਪੈ ਗਈ।

Kalika and Chandi grabbed the demon solders from their hair causing chaos.

**ਬਡੇ ਬਡੇ ਚੁਣਿ ਸੂਰਮੇ ਗਹਿ ਕੋਟੀ ਦਏ ਚਲਾਇ ਕੈ॥**

ਵੱਡੇ-ਵੱਡੇ ਸੂਰਮੇ ਕ੍ਰੋੜਾਂ ਦੀ ਫੌਜ ਸਮੇਤ ਫੜ੍ਹ ਕੇ ਮਾਰ ਦਿੱਤੇ।

The mightiest of soldiers were picked up and killed.

**ਰਣਿ ਕਾਲੀ ਗੁੱਸਾ ਖਾਇ ਕੈ॥41॥**

ਜੰਗ ਵਿੱਚ ਕਾਲਿਕਾ ਨੇ ਗੁੱਸਾ ਖਾ ਕੇ ਦੈਂਤਾਂ ਦਾ ਸਫ਼ਾਇਆ ਕੀਤਾ।

Kalika cleared the battlefield of demons.

**ਪਉੜੀ॥**

**ਦੁਹਾਂ ਕੰਧਾਰਾਂ ਮੁਹਿ ਜੁੜੇ ਅਣੀਆਂ ਰੱਚੋਈਆਂ॥**

ਦੋਵੇਂ ਦਲ ਆਹਮੋ-ਸਾਹਮਣੇ ਹੋਏ, ਤੀਰਾਂ ਦੀਆਂ ਨੋਕਾਂ ਸਰੀਰਾਂ ਵਿੱਚ ਰਚ ਗਈਆਂ।

Both armies faced each other again and
arrow heads found themselves pierced into warriors.

**ਧੂਹਿ ਕ੍ਰਿਪਾਨਾ ਤਿੱਖੀਆਂ ਨਾਲ ਲੋਹੂ ਧੋਈਆਂ॥**

ਸੂਰਮਿਆਂ ਨੇ ਤੇਜ਼ ਤਲਵਾਰਾਂ ਖਿੱਚ ਕੇ ਲਹੂ ਵਿੱਚ ਰੰਗ ਦਿੱਤੀਆਂ।

Brave warriors pulled out their swords and drenched them with the opponent's blood.

**ਹੂਰਾਂ ਸ੍ਰਣਵਤ ਬੀਜ ਨੂੰ ਘਤਿ ਘੇਰਿ ਖਲੋਈਆਂ॥**

ਸ੍ਰੋਣਤ ਬੀਜ ਨੂੰ ਅਪੱਛਰਾਂ ਘੇਰਾ ਪਾ ਕੇ ਖਲੋ ਗਈਆਂ।

Sarounat-Beej was distracted by a group of Houri's (beautiful maiden's).

**ਲਾੜਾ ਦੇਖਨ ਲਾੜੀਆਂ ਚਉਗਿਰਦੈ ਹੋਈਆਂ॥42॥**

ਜਿਵੇਂ ਲਾੜੇ ਨੂੰ ਵੇਖਣ ਵਾਸਤੇ ਲੜਕੀਆਂ ਚਾਰੇ ਪਾਸੇ ਖਲੋ ਜਾਂਦੀਆਂ ਹਨ।

Sarounat-Beej was surrounded like a bridegroom, by women.

**ਪਉੜੀ॥**

**ਚੋਬੀ ਧਉਸਾਂ ਪਾਈਆਂ ਦਲਾਂ ਮੁਕਾਬਲਾ॥**

ਨਗਾਰੇ ਵੱਜੇ ਤੇ ਜੰਗ ਸ਼ੁਰੂ ਹੋ ਗਿਆ।

The war drum was beaten, the war commenced.

**ਦਸਤੀ ਧੂਹਿ ਨਚਾਈਆਂ ਤੇਗਾਂ ਨੰਗੀਆਂ॥**

ਸੂਰਮਿਆਂ ਨੇ ਨੰਗੀਆਂ ਤਲਵਾਰਾਂ ਧੂਹ ਕੇ ਹੱਥਾਂ ਵਿੱਚ ਨਚਾਈਆਂ।

ਠਹਣ ਬਰਓਵਣ ੴਰਰਗੋਰਿਸ ਸਕਲਿਲਡੁਲਲੇ ੴਵਣਦ ਟਹਣਰਿ ਨਓਕਣਦ ਸੋਰਦਸ.

**ਸੂਰਿਆਂ ਦੇ ਤਨ ਲਾਈਆਂ ਗੋਸ਼ਤ ਗਿੱਧੀਆਂ॥**

ਲਹੂ ਮਿੱਝ ਵਿੱਚ ਡੁੱਬੀਆਂ ਤਲਵਾਰਾਂ ਸੂਰਮਿਆਂ ਦੇ ਸਰੀਰਾਂ ਨੂੰ ਮਾਰੀਆਂ ਗਈਆਂ।

These brave soldiers were attacked by swords, that were drenched in flesh and blood.

**ਬਿੱਧਣ ਰਾਤੀ ਆਈਆਂ ਮਰਦਾਂ ਘੋੜਿਆਂ॥**

ਜੁਆਨਾਂ ਅਤੇ ਘੋੜਿਆਂ ਲਈ ਮੁਸ਼ਕਿਲ ਰਾਤਾਂ ਆ ਗਈਆਂ।

Difficult times lay ahead for these young soldiers and their horses.

**ਜੋਗਣੀਆਂ ਮਿਲਿ ਧਾਈਆਂ ਲੋਹੂ ਭੱਖਣਾ॥**

ਲਹੂ ਪੀਣ ਵਾਸਤੇ ਕਲਯੋਗਣਾਂ ਇਕੱਠੀਆਂ ਹੋ ਕੇ ਦੌੜ ਪਈਆਂ।

People of the dark age (Kalyug) ran to drink the blood of the fallen.

**ਫਉਜਾਂ ਮਾਰਿ ਹਟਾਈਆਂ ਦੇਵਾਂ ਦਾਨਵਾਂ॥**

ਦੇਵੀ ਦੁਰਗਾ ਨੇ ਦੈਤਾਂ ਦੀਆਂ ਫੌਜਾਂ ਨੂੰ ਮਾਰ-ਮਾਰ ਕੇ ਪਿਛਾਂਹ ਹਟਾ ਦਿੱਤਾ।

Devi Durga managed to push back the attack, of the demon army.

**ਭਜਦੀਂ ਕਥਾ ਸੁਣਾਈਆਂ ਰਾਜੇ ਸੁੰਭ ਥੈ॥**

ਜੰਗ ਵਿੱਚੋਂ ਭੱਜ ਕੇ ਆਏ ਰਾਖਸ਼ਾਂ ਨੇ ਆਪਣੀ ਹਾਰ ਦੀ ਬ੍ਰਿਥਾ ਸੁਣਾਈ।

Demons who fled the battlefield, narrated their loss to King Sumbh.

**ਭੁਈਂ ਨ ਪਉਣੈ ਪਾਈਆਂ ਬੂੰਦਾਂ ਰਕਤ ਦੀਆਂ॥**

ਕਿ ਸ੍ਰੌਣਤ ਬੀਜ ਦੇ ਲਹੂ ਦੀਆਂ ਬੂੰਦਾਂ ਜ਼ਮੀਨ 'ਤੇ ਡਿੱਗ ਹੀ ਨਾ ਸਕੀਆਂ।

“Droplets of blood from Sarounat-Beej were not able to touch the ground” they said.

**ਕਾਲੀ ਖੇਤ ਖਪਾਈਆਂ ਸੱਭੇ ਸੂਰਤਾਂ॥**

ਇਸ ਤਰ੍ਹਾਂ ਸ੍ਰੌਣਤ ਬੀਜ ਦੀਆਂ ਸਾਰੀਆਂ ਸੂਰਤਾਂ ਕਾਲਿਕਾ ਨੇ ਮੈਦਾਨੇ-ਜੰਗ ਵਿੱਚ ਨਾਸ਼ ਕਰ ਦਿੱਤੀਆਂ।

“This is how Kalika, killed all of his clones”

**ਨਾਮਧਾਰੀ ਨਿਤਨੇਮ ਸਟੀਕ ’ਚੋਂ**

# ਨਾਮਧਾਰੀ ਜਗਤ ਦੀ
# 1862 ਈ. ਦੀ ਅੰਮ੍ਰਿਤਸਰ ਦੀ ਦੀਵਾਲੀ



**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
**94177-69103**

ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਈ ਦੀ ਕਾਇਆ ਕਲਪ ਕੀਤੀ, ਹਿੰਦੋਸਤਾਨੀਆਂ ਨੂੰ ਜੀਊਣ ਦੀ ਜਾਂਚ ਦਿੱਤੀ ਅਤੇ ਅੰਗਰੇਜ਼ ਸਾਮਰਾਜ ਵਿਰੁੱਧ ਪਹਿਲੀ ਵਾਰ ਵਿਦਰੋਹ ਕੀਤਾ, ਜਿਸਨੇ ਅੰਗਰੇਜ਼ ਸਾਮਰਾਜ ਦੀਆਂ ਨੀਹਾਂ ਹਿਲਾ ਦਿੱਤੀਆਂ ਸਨ। 1857 ਈ. ਦੀ ਇਤਿਹਾਸਕ ਵਿਸਾਖੀ ਨੂੰ ਜਦੋਂ ਸਤਿਗੁਰਾਂ ਨੇ ਸੰਤ ਖਾਲਸਾ ਦੀ ਸਾਜਨਾ ਕਰਕੇ ਪੰਜਾਬ ਦੀ ਲੋਕਾਈ ਜੋ ਅੰਗਰੇਜ਼ ਰਾਜ ਦੇ ਗੁਣ ਗਾ ਰਹੀ ਨੂੰ ਨਵੀਂ ਸੇਧ ਦਿੱਤੀ ਅਤੇ ਉਸਨੂੰ ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿਖਿਆਵਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਕੀਤੀ। ਸ਼ੁਰੂ ਵਿੱਚ ਨਾਮਧਾਰੀ ਲਹਿਰ ਭਾਵੇਂ ਸਮਾਜ ਸੁਧਾਰਕ ਲਹਿਰ ਸੀ ਅਤੇ ਸਿੱਖ ਧਰਮ ਦੇ ਪੁਜਾਰੀਆਂ ਜੋ ਗੁਰਦੁਆਰਿਆਂ ਤੇ ਕਾਬਜ ਸਨ ਦਾ ਸੁਧਾਰ ਕਰਨ ਅਤੇ ਸਚ ਦੇ ਮਾਰਗ ਤੇ ਚੱਲਣ ਦਾ ਪ੍ਰੇਰਨਾ ਸਰੋਤ ਸੀ ਪ੍ਰੰਤੂ ਬਾਅਦ ਵਿੱਚ ਛੇਤੀ ਉਹ ਲਹਿਰ, ਰਾਜਨੀਤਕ ਅੰਦੋਲਨ ਵਿੱਚ ਵਿਕਸਤ ਹੋ ਗਈ ਅਤੇ ਅੰਗਰੇਜ਼ ਸਰਕਾਰ ਲਈ ਸਿਰਦਰਦੀ ਦਾ ਕਾਰਨ ਬਣ ਗਈ।

ਸ੍ਰੀ ਭੈਣੀ ਸਾਹਿਬ ਜੋ ਪਹਿਲਾਂ ਇਕ ਗੁੰਮਨਾਮ ਪਿੰਡ ਸੀ, ਹੁਣ ਉਹ ਸਤਿਗੁਰੂ ਰਾਮ ਸਿੰਘ ਜੀ ਦੀ ਅਦੁਤੀ ਸਖਸ਼ੀਅਤ ਦੀ ਚਰਨ ਛੋਹ ਸਦਕਾ ਦੇਸ਼ ਭਗਤਾਂ ਲਈ ਦੇਸ਼ ਭਗਤੀ ਦੀ ਪਾਠਸ਼ਾਲਾ ਬਣ ਗਿਆ। ਸਤਿਗੁਰਾਂ ਦੀ ਕਿਰਪਾ ਸਦਕਾ ਨਾਮਧਾਰੀ ਜਗਤ ਅੰਗਰੇਜ਼ ਨੂੰ ਹਿੰਦੋਸਤਾਨ ਵਿਚੋਂ ਬਾਹਰ ਕੱਢਣ ਲਈ ਲਾਮਬੰਦ ਹੋ ਉਠਿਆ। ਉਸ ਮੰਤਵ ਲਈ ਨਾਮਧਾਰੀਆਂ ਨੇ ਨੇਪਾਲ, ਕਸ਼ਮੀਰ, ਰੂਸ ਅਤੇ ਅਫ਼ਗਾਨਿਸਤਾਨ ਆਦਿਕ ਦੇਸ਼ਾਂ ਅਤੇ ਰਿਆਸਤਾਂ ਨਾਲ ਆਪਣੇ ਸੰਬੰਧ ਕਾਇਮ ਕੀਤੇ ਤਾਂ ਕਿ ਲੋੜ ਪੈਣ ਤੇ ਉਹਨਾਂ ਤੋਂ ਅੰਗਰੇਜ਼ ਦੇ ਖਿਲਾਫ ਮਦਦ ਲਈ ਜਾ ਸਕੇ। ਛੇਤੀ ਹੀ ਸਤਿਗੁਰਾਂ ਦੇ ਪ੍ਰਚਾਰ ਸਕਦਾ ਨਾਮਧਾਰੀ ਪ੍ਰਚੰਡ ਰੂਪ ਧਾਰਨ ਕਰ ਗਏ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕਾਹਲੇ ਪੈਣ ਲਗੇ।

1857 ਈਂ ਤੋਂ 1872 ਈ. ਤੱਕ ਸਤਿਗੁਰੂ ਰਾਮ ਸਿੰਘ ਜੀ ਨੇ ਇਤਿਹਾਸਕ ਗੁਰਦੁਆਰਿਆਂ ਅਤੇ ਹੋਰ ਇਤਿਹਾਸਕ ਥਾਵਾਂ ਦੇ ਦੌਰੇ ’ਤੇ ਗਏ। ਉਹ ਅੰਮ੍ਰਿਤਸਰ, ਮੁਕਤਸਰ, ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਆਦਿਕ ਗੁਰਦੁਆਰਿਆਂ ਵਿੱਚ ਗਏ ਅਤੇ ਉਥੋਂ ਦੇ ਕਾਬਜ਼ ਪੁਜਾਰੀਆਂ ਜੋ ਅੰਗਰੇਜ਼ ਰਾਜ ਦੀ ਸਲਾਮਤੀ ਦੀਆਂ ਦਿਨ-ਰਾਤ ਅਰਦਾਸਾਂ ਕਰਿਆਂ ਕਰਦੇ ਸਨ, ਉਹਨਾਂ ਨੂੰ ਸਤਿਗੁਰਾਂ ਨੇ ਗੁਰਮਤਿ ਦਾ ਮਾਰਗ ਦਿਖਾਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਿਵੇਂ ਕਰਨਾ? ਇਸਦੀ ਸਾਂਭ ਸੰਭਾਲ ਸੇਵਾ ਦੇ ਢੰਗ ਸਿਖਾਏ। ਪ੍ਰੰਤੂ ਅੰਗਰੇਜ਼ ਸਰਕਾਰ ਦੇ ਪਿਠੂ ਉਹ ਪੁਜਾਰੀ ਆਪਣੇ-ਆਪ ਨੂੰ ਸ੍ਰੇਸ਼ਠ ਮੰਨ ਕੇ ਸਤਿਗੁਰਾਂ ਦਾ ਵਿਰੋਧ ਕਰਦੇ ਰਹੇ।

ਸਤਿਗੁਰੂ ਰਾਮ ਸਿੰਘ ਜੀ ਅੰਮ੍ਰਿਤਸਰ ਦੀਵਾਲੀ ਦੇ ਅਵਸਰ ਤੇ ਦੋ ਵਾਰ 1862 ਈ. ਅਤੇ 1867 ਈ. ਵਿੱਚ ਗਏ ਸਨ। 1867 ਈ. ਦੇ ਇਤਿਹਾਸਕ ਦੀਵਾਲੀ ਪੁਰਬ (ਅੰਮ੍ਰਿਤਸਰ) ਦਾ ਵੇਰਵੇ ਸਹਿਤ ਜ਼ਿਕਰ ਮੈਂ ਇਕ ਹੋਰ ਲੇਖ ਵਿੱਚ ਕਰ ਚੁੱਕਾ ਹਾਂ। ਇਸ ਵਾਰ ਮੈਂ 1862 ਈ. ਦੀ ਦੀਵਾਲੀ ਦਾ ਜ਼ਿਕਰ ਇਸ ਲੇਖ ਵਿੱਚ ਵੇਰਵੇ ਸਹਿਤ ਕਰਾਂਗਾ।

ਸਤਿਗੁਰੂ ਰਾਮ ਸਿੰਘ ਜੀ ਪੰਜਾਬ ਦੀ ਗੁਲਾਮ ਹੋ ਚੁੱਕੀ ਲੋਕਾਈ ਨੂੰ ਸੱਚ ਦਾ ਮਾਰਗ ਦਿਖਾਉਣ ਲਈ ਪੰਜਾਬ ਵਿੱਚ ਧਰਮ ਪ੍ਰਚਾਰ ਦੇ ਦੌਰੇ ਕਰਦੇ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਬਾਅਦ ਜੋ ਪੰਜਾਬੀਆਂ ਵਿੱਚ

ਕਮਜ਼ੋਰੀਆਂ ਆਈਆਂ ਸਨ, ਉਹਨਾਂ ਨੂੰ ਦੂਰ ਕਰਨ ਲਈ ਸਤਿਗੁਰਾਂ ਨੇ ਇਤਿਹਾਸਕ ਸਥਾਨਾਂ ਤੇ ਜਾਣਾ ਸ਼ੁਰੂ ਕੀਤਾ ਸੀ ਤਾਂ ਕਿ ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਜੋ ਸਤਿਗੁਰਾਂ ਦੀ ਗੁਰਸਿੱਖੀ ਨੂੰ ਤਲਾਂਜ਼ਲੀ ਦੇ ਚੁੱਕੇ ਸਨ, ਉਸਨੂੰ ਮੁੜ ਅਪਨਾ ਕੇ ਪੂਰਨ ਗੁਰਸਿੱਖ ਬਣ ਜਾਣ।

ਸੰਤ ਨਿਧਾਨ ਸਿੰਘ ਆਲਿਮ ਪੁਸਤਕ 'ਜੁਗ ਪਲਟਾਊ ਸਤਿਗੁਰੂ' ਦੇ ਪੰਨਾ 46 ਤੇ 1862 ਈ. ਦੀ ਅੰਮ੍ਰਿਤਸਰ ਦੀ ਦੀਵਾਲੀ ਬਾਰੇ ਇਸ ਪ੍ਰਕਾਰ ਲਿਖਦੇ ਹਨ-

"ਸੰਮਤ 1919 ਮੁਤਾਬਕ 1862 ਈ. ਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਦੁਆਬੇ ਵਿੱਚ ਦੀ ਦਰਸ਼ਨ ਦਿੰਦਿਆਂ ਹੋਈਆਂ ਦੀਪ ਮਾਲਾ ਦੇ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਦਰਸ਼ਨ ਦਿੱਤੇ। ਜਿਥੇ ਬੇਅੰਤ ਨਰ ਨਾਰੀਆਂ ਨੇ ਆਪ ਦੇ ਉਪਦੇਸ਼ ਸੁਣ ਕੇ ਸ਼ਾਂਤੀ ਪ੍ਰਾਪਤ ਕੀਤੀ। ਅਨੇਕਾਂ ਜੀਆਂ ਨੇ ਭਜਨ ਪੁੱਛਿਆ ਅਤੇ ਅੰਮ੍ਰਿਤ ਛਕ ਕੇ ਕੂਕੇ ਹੋ ਗਏ। ਜਿਸਦੇ ਕੰਨ ਵਿੱਚ ਫੂਕ ਵਜਦੀ ਉਹ ਲੋਟ-ਪੋਟ ਹੋ ਜਾਂਦਾ। ਸ਼ਹਿਰਾਂ ਤੇ ਨਗਰਾਂ ਵਿੱਚ ਧੁੰਮਾਂ ਪੈ ਗਈਆਂ ਕਿ ਗੁਰੂ ਪ੍ਰਗਟ ਹੋਇਆਂ ਹੈ। ਭੇਖੀਆਂ ਤੇ ਪਾਖੰਡੀਆਂ ਨੂੰ ਇਸ ਗਲ ਦੀ ਚਿੰਤਾ ਲੱਗ ਗਈ। ਖਾਸ ਕਰਕੇ ਗੁਰਦੁਆਰਿਆਂ ਅਤੇ ਡੇਰਿਆਂ ਦੇ ਮਹੰਤ ਤਾਂ ਬੜੇ ਬੇਚੈਨ ਹੋਏ ਪ੍ਰੰਤੂ ਉਹਨਾਂ ਵਿਚੋਂ ਨੇਕ ਚਲਣ ਵਾਲੇ ਸਤਿਗੁਰੂ ਜੀ ਦਾ ਦਰਸ਼ਨ ਕਰਕੇ ਪ੍ਰਸੰਨ ਹੁੰਦੇ। ਦਰਬਾਰ ਸਾਹਿਬ ਤੇ ਅਕਾਲ ਬੁੰਗੇ ਦੇ ਪੁਜਾਰੀ ਅੰਦਰੋ-ਅੰਦਰ ਖਿਝ ਰਹੇ ਸਨ।"

ਉਪਰੋਕਤ ਤੱਥਾਂ ਦੀ ਪੁਸ਼ਟੀ 1914 ਈ. ਵਿੱਚ ਪ੍ਰਕਾਸ਼ਤ ਗ੍ਰੰਥ "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼" ਰਚਿਤ ਸੰਤ ਕਾਲਾ ਸਿੰਘ ਨੰਗਲਾਂ ਵਾਲੇ ਤੋਂ ਭਲੀ ਭਾਂਤ ਹੋ ਜਾਂਦੀ ਹੈ। ਸਤਿਗੁਰੂ ਜੀ ਲਗਭਗ ਸੱਠ ਹਜ਼ਾਰ ਸਿਖਾਂ ਸਹਿਤ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੀ ਜ਼ਿਆਰਤ ਕਰਨ ਆਏ ਸਨ ਅਤੇ ਚਾਟੀ ਵਿੰਡ ਗੇਟ ਦੇ ਸਾਹਮਣੇ ਉਹਨਾਂ ਨੇ ਤੰਬੂ ਲਗਾ ਕੇ ਡੇਰਾ ਲਗਾਇਆ ਸੀ। ਸੰਤ ਕਾਲਾ ਸਿੰਘ ਜੀ ਲਿਖਦੇ ਹਨ-

ਫਿਰਨ ਸਤਿਗੁਰੂ ਤਾਰਦੇ ਸੰਗਤਾਂ ਨੂੰ,
ਪਿੰਡ-ਪਿੰਡ ਨੇ ਲਉਣ ਦੀਵਾਨ ਲੱਗੇ।
ਨਾਮਦਾਨ ਦੜਾਨ ਦੀ ਕਰਨ ਬਰਖਾ,
ਨਿੱਤ ਸੈਂਕੜੇ ਸਿੰਘ ਸਜਾਨ ਲੱਗੇ।
ਦੌਰਾ ਕਰਨ ਗੁਰ ਦੇਸ ਦਸੰਤ੍ਰਾਂ ਦਾ,
ਦੀਪ ਮਾਲ ਅੰਮ੍ਰਿਤਸਰ ਜਾਨ ਲੱਗੇ।
ਸੰਮਤ ਉਨੀ ਸੌ ਉਨੀ ਦੇ ਵਿੱਚ ਸੰਤੋ,
ਕਤਕ ਬਦੀ ਦਰਸਨ ਗੁਰ ਪਾਨ ਲੱਗੇ।
ਚਾਟੀ ਵਿੰਡ ਦਰਵਾਜੇ ਦੇ ਬਾਰ ਮੂਰੇ,
ਤੰਬੂ ਗੱਡ ਕੇ ਡੇਰੇ ਜਮਾਨ ਲੱਗੇ।
ਸਿੰਘ ਸੱਠ ਹਜ਼ਾਰ ਸੰਗ ਸਤਿਗੁਰੂ ਦੇ,
ਦਰਸ਼ਨ ਕਰਨ ਨੂੰ ਸੈਂਕੜੇ ਆਨ ਲੱਗੇ।
ਮਨ ਤਨ ਤੇ ਧਨ ਲਾ ਕਰਨ ਸੇਵਾ,
ਭੇਟਾ ਨਗਦ ਹਜ਼ੂਰ ਝੜਾਨ ਲੱਗੇ।

ਸਤਿਗੁਰਾਂ ਦੇ ਹੁਕਮ ਨਾਲ ਚਾਟੀ ਵਿੰਡ ਗੇਟ ਦੇ ਸਾਹਮਣੇ ਤੰਬੂ ਸ਼ਾਮਿਆਨੇ ਲਗਾ ਕੇ ਸੱਠ ਹਜ਼ਾਰ ਸਿਖਾਂ ਦੇ ਨਾਲ ਡੇਰਾ ਕਰਕੇ ਲੰਗਰ ਚਲਾ ਦਿੱਤਾ ਅਤੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਅਤੇ ਫਿਰ ਤੀਜੇ ਪਹਿਰ ਦਿਨ ਦੇ, ਕੀਰਤਨ ਅਤੇ ਨਾਮ ਸਿਮਰਨ ਹੁੰਦਾ ਸੀ।

ਨਾਮਧਾਰੀਆਂ ਸਿਖਾਂ ਦਾ ਚਿਟਾ ਬਾਣਾ, ਸਿੱਧੀ ਪਗੜੀ ਅਤੇ ਗਲ ਉਨ੍ਹ ਦੀ ਮਾਲਾ, ਹੰਸ ਰੂਪੀ ਚਾਲ ਦੇਖ ਕੇ ਅੰਮ੍ਰਿਤਸਰ ਦੇ ਨਿਵਾਸੀ ਚਾਟੀਵਿੰਡ ਗੇਟ ਵੱਲ ਸਤਿਗੁਰੂ ਜੀ ਅਤੇ ਉਹਨਾਂ ਦੇ ਸਿੱਖਾਂ ਦੇ ਦਰਸ਼ਨ ਕਰਨ ਲਈ ਵਾਹੋਦਾਹੀ ਭੱਜੇ ਜਾ ਰਹੇ ਸਨ। ਉਹ ਸਤਿਗੁਰਾਂ ਦੇ ਦਰਸ਼ਨ ਕਰਕੇ ਨਿਹਾਲ ਹੋ ਜਾਂਦੇ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਨਾਮਧਾਰੀ ਸਿੰਘ ਸੱਜ ਜਾਂਦੇ ਸਨ। ਹੱਲੇ ਦਾ ਦੀਵਾਨ ਲੱਗਦਾ, ਢੋਲਕੀ ਤੇ ਥਾਪ ਜਦੋਂ ਪੈਂਦੀ ਤਾਂ ਘਨਘੋਰ ਆਵਾਜ਼ ਪੈਦਾ ਹੁੰਦੀ, ਸਿੰਘਾਂ ਦੀਆਂ ਪੱਗਾਂ ਲੱਥ ਜਾਂਦੀਆਂ, ਬੀਬੀਆਂ ਦੇ ਕੇਸ ਖੁਲ੍ਹ ਜਾਂਦੇ ਅਤੇ ਮਸਤਾਨੇ ਹੋ ਕੇ ਪ੍ਰਭੂ ਭਗਤੀ ਵਿੱਚ ਲਿਵ ਲੀਨ ਹੋ ਜਾਂਦੇ।

ਅੰਮ੍ਰਿਤਸਰ ਨਿਵਾਸੀ ਇਹ ਸਤਿਜੁਗੀ ਨਜ਼ਾਰੇ ਦੇਖ ਕੇ ਹੈਰਾਨ ਹੋ ਰਹੇ ਸਨ। ਸੰਗਤ ਦਾ ਵਿਸ਼ਾਲ ਇਕੱਠ ਅਤੇ ਨਾਮਧਾਰੀ ਪੰਥ ਦੀਆਂ ਸਰਗਰਮੀਆਂ ਦੇਖਕੇ ਅੰਗਰੇਜ਼ੀ ਸਰਕਾਰ ਵੀ ਹਰਕਤ ਵਿੱਚ ਆ ਗਈ ਸੀ। ਸੰਤ ਕਾਹਲਾ ਸਿੰਘ ਜੀ ਲਿਖਦੇ ਹਨ-

ਸੁਬਾ ਸ਼ਾਮ ਦੀਵਾਨ ਲਗਾਉਣ ਰਾਗੀ,
ਢੋਲਕ ਹਟਣ ਨਾ ਸਿੰਘ ਬਜਾਨ ਲੱਗੇ।
ਠਾਣੇਦਾਰ ਕੁਤਵਾਲ ਤੇ ਮਿਸ਼ਨ ਡਿਪਟੀ,
ਪੇਸ਼ਵਾਈ ਦਾ ਕਰਨ ਸਮਾਨ ਲੱਗੇ।
ਦਰਸ਼ਨ ਅਦਬ ਅਦਾਬ ਦੇ ਨਾਲ ਕਰਕੇ,

ਇੰਤਜਾਮ ਨੇ ਫੇਰ ਕਰਾਨ ਲੱਗੇ।

ਉਧਰ ਸਤਿਗੁਰੂ ਜੀ ਨੇ ਚਾਟੀਵਿੰਡ ਗੇਟ ਤੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਨਗਰ ਕੀਰਤਨ ਦੀ ਸ਼ਕਲ ਵਿੱਚ ਦਰਸ਼ਨ ਕਰਨ ਜਾਣ ਦੀ ਤਿਆਰੀ ਕੀਤੀ। ਨਾਮਧਾਰੀਆਂ ਨੇ ਗਲ਼ਾਂ ਵਿੱਚ ਢੋਲਕੀਆਂ ਸਜਾ ਕੇ ਖੜਤਾਲਾਂ ਦੀ ਘਨਘੋਰ ਆਵਾਜ਼ ਕਰ ਰਹੇ ਸਨ, ਮਸਤਾਨੇ ਸਿੰਘ ਮਸਤ ਹੋ ਕੇ ਨਿਰਤਕਾਰੀ ਕਰ ਰਹੇ ਸਨ, ਬੀਬੀਆਂ ਦੇ ਗਲ਼ਾਂ ਵਿੱਚ ਖੁਲ੍ਹੇ ਹੋਏ ਵਾਲ ਸਤਿਜੁਗੀ ਨਜ਼ਾਰਾ ਪੇਸ਼ ਕਰ ਰਹੇ ਸਨ।

ਉਧਰ ਅੰਗਰੇਜ਼ ਸਰਕਾਰ ਦੇ ਪਿਠੂ ਅਕਾਲ ਤਖਤ ਤੇ ਕਾਬਜ਼ ਪੁਜਾਰੀ ਘਬਰਾ ਉਠੇ ਅਤੇ ਨਾਮਧਾਰੀਆਂ ਦੀ ਚੜ੍ਹਦੀ ਕਲਾ ਦੇਖਕੇ ਈਰਖਾ ਕਰਨ ਲੱਗੇ ਅਤੇ ਸਿੰਘਾਂ ਦਾ ਜਾਹੋ ਜਲਾਲ ਦੇਖ ਕੇ ਲਾਲਚੀ ਹੋ ਗਏ। ਜਦੋਂ ਸਤਿਗੁਰਾਂ ਨੇ ਅਕਾਲ ਬੁੰਗੇ ਮੱਥਾ ਟੇਕਿਆਂ ਤਾਂ ਉਹ ਸਤਿਗੁਰਾਂ ਤੋਂ ਚਾਰ ਪੰਜ ਲੱਖ ਰੁਪਏ ਦੀ ਮੰਗ ਕਰਨ ਲੱਗੇ। ਸੰਤ ਕਾਹਲਾ ਸਿੰਘ ਜੀ ਲਿਖਦੇ ਹਨ–

ਸਤਿਗੁਰ ਹੁਕਮ ਦਿੱਤਾ ਸੰਤ ਖਾਲਸੇ ਨੂੰ,<br>
ਦਰਸ਼ਨ ਕਰਨ ਦਰਵਾਰ ਸਧਾਨ ਲੱਗੇ।<br>
ਸਾਥ ਭੇਟ ਪਰਸਾਦਿ ਦਾ ਥਾਲ ਲੀਤਾ,<br>
ਸਿੰਘ ਢੋਲਕੀ ਮਗਰ ਬਜਾਨ ਲੱਗੇ।<br>
ਹੋਵੇ ਸ਼ਬਦ ਪਰੇਮ ਦੀ ਠਾਠਵਾਲਾ,<br>
ਸਿਰੋਂ ਲਹਿਣ ਦਸਤਾਰ ਜਾਂ ਬਾਨ ਲੱਗੇ।<br>
ਮਾਈਆਂ ਬੀਬੀਆਂ ਵਾਂਗ ਕਬੂਤਰਾਂ ਦੇ,<br>
ਲੋਟ-ਪੋਟ ਹੋ ਕੇ ਗੇੜੇ ਖਾਨ ਲੱਗੇ।<br>
ਅਕਲ ਬਿਕਲ ਹੋਏ ਦਰਸ਼ਨ ਪਾਏ ਗੁਰ ਕੇ,<br>
ਸੀਨੇ ਵਿੱਚ ਜਾਂ ਸ਼ਬਦ ਦਾ ਬਾਨ ਲੱਗੇ।

ਸਤਿਗੁਰੂ ਜੀ ਸੰਮਤ ਸਮੇਤ ਸ੍ਰੀ ਅਕਾਲ ਤਖਤ ਸਾਹਿਬ ਜਾ ਕੇ ਸੀਸ ਝੁਕਾਇਆ ਅਤੇ ਮੱਥਾ ਟੇਕ ਕੇ ਸੱਤ ਸੌ ਰੁਪਏ ਭੇਟਾ ਕੀਤੇ। ਲਾਲਚੀ ਪੁਜਾਰੀ ਭੇਟਾ ਦੇਖ ਕੇ ਹੋਰ ਲਾਲਚ ਵਿੱਚ ਆ ਗਏ ਅਤੇ ਹੋਰ ਜ਼ਿਆਦਾ ਭੇਟਾ ਦੀ ਮੰਗ ਕਰਨ ਲੱਗੇ ਅਤੇ ਨਮਧਾਰੀ ਸਿੰਘਾਂ ਤੇ ਦੋਸ਼ ਲਗਾਉਣ ਲੱਗੇ ਕਿ ਉਹ ਗੁਰਬਾਣੀ ਦੇ ਕੀਰਤਨ ਸਮੇਂ ਮਸਤਾਨੇ ਕਿਉਂ ਹੋ ਜਾਂਦੇ ਹਨ ਅਤੇ ਉਹਨਾਂ ਦੀਆਂ ਪਗੜੀਆਂ ਕਿਉਂ ਲੱਥ ਜਾਂਦੀਆਂ ਹਨ।

ਸਤਿਗੁਰਾਂ ਨੇ ਜਵਾਬ ਦਿੱਤਾ ਕਿ ਉਹ ਸਭ ਸ਼ਬਦ ਦੀ ਕਾਰ ਹੈ, ਇਨਸਾਨ ਦੇ ਵਸ ਕੁਝ ਨਹੀਂ ਹੈ। ਦੂਜਾ ਉਹ, ਪੁਜਾਰੀ ਲਾਲਚੀ ਹੋਣ ਕਾਰਨ ਚਾਰ ਪੰਜ ਲੱਖ ਮਾਇਆ ਦੇਣ ਤੋਂ ਅਸਮਰਥ ਹਨ। ਸੰਤ ਕਾਹਲਾ ਸਿੰਘ ਜੀ ਲਿਖਦੇ ਹਨ–

ਗਏ ਵਿੱਚ ਦਰਵਾਰ ਅਕਾਲ ਬੁੰਗੇ,<br>
ਅੱਗੇ ਦੇਖ ਪੁਜਾਰੀ ਘਬਰਾਨ ਲੱਗੇ।<br>
ਹੱਥ ਜੋੜ ਸਤਿਗੁਰੂ ਨਮਸਕਾਰ ਕੀਤੀ,<br>
ਤਿੰਨ ਵਾਰ ਨੇ ਸੀਸ ਝੁਕਾਨ ਲੱਗੇ।<br>
ਸਤ ਸੌ ਦੀ ਸਤਿਗੁਰਾਂ ਭੇਟ ਕੀਤੀ,<br>
ਪੂਜਾ ਦੇਖ ਪੁਜਾਰੀ ਬੁਡਾਨ ਲੱਗੇ।<br>
ਆਖਣ ਲੱਗੇ ਨਾਂ ਥੋੜੀ ਅਰਦਾਸ ਕਰਨੀ,<br>
ਚਿਤ ਲਾਲਸਾ ਬਹੁਤ ਬਧਾਨ ਲੱਗੇ।<br>
ਕਈ ਕਹਿਣ ਹਜ਼ਾਰ ਰੁਪਯਾ ਦੇਵੋ,<br>
ਰਿਸ਼ਵਤ ਖਾਣ ਨੂੰ ਆਖ ਸੁਣਾਨ ਲੱਗੇ।<br>
ਕਈ ਕਹਿਣ ਤਨਖਾਹ ਬੀ ਦੇਓ ਸਾਨੂੰ,<br>
ਲਖ ਚਾਰ ਤੇ ਪੰਜ ਅਲਾਨ ਲੱਗੇ।<br>
ਕਈ ਕਹਿਣ ਦਸਤਾਰ ਨਾਂ ਸਿਰੋ ਡਿਗੇ<br>
ਹੋਣ ਮਸਤ ਨਾਂ ਸ਼ਬਦ ਦੇ ਬਾਣ ਲੱਗੇ।

ਸਤਿਗੁਰੂ ਜੀ ਨੇ ਪੁਜਾਰੀਆਂ ਨੂੰ ਬਹੁਤ ਸਮਝਾ ਕੇ ਗੁਰਮਤਿ ਦਾ ਮਾਰਗ ਅਪਨਾਉਣ ਦੀ ਪ੍ਰੇਰਨਾ ਕੀਤੀ ਪ੍ਰੰਤੂ ਪੁਜਾਰੀ ਏਨੇ ਜ਼ਿਆਦਾ ਇਖਲਾਕ ਹੀਣ ਹੋ ਚੁੱਕੇ ਸਨ, ਉਹ ਸਤਿਗੁਰਾਂ ਦੇ ਬਚਨ ਨਹੀਂ ਸੁਣ ਰਹੇ ਸਨ। ਸਗੋਂ ਉਲਟਾ ਸਤਿਗੁਰੂ ਜੀ ਨੂੰ ਸਿਖਿਆ ਦੇ ਰਹੇ ਸਨ। ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਦੇਖਿਆ ਕਿ ਉਹ ਪੁਜਾਰੀਆਂ ਦਾ ਸੁਧਾਰ ਨਹੀਂ ਹੋ ਸਕਦਾ ਤਾਂ ਉਹਨਾਂ ਨੇ ਅਕਾਲ ਬੁੰਗੇ ਖੜੇ ਹੋ ਕੇ ਅਰਦਾਸ ਕਰਕੇ ਆਪ ਹੀ ਆਪਣੇ ਨਾਲ ਲਿਆਂਦੀ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਦਿੱਤੀ। ਸੰਗਤਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡ ਦਿੱਤੇ।

ਇਸ ਪ੍ਰਕਾਰ ਸਤਿਗੁਰੂ ਰਾਮ ਸਿੰਘ ਜੀ ਨੇ 1862 ਈ. ਵਿੱਚ ਦੀਵਾਲੀ ਦਾ ਪੁਰਬ ਅੰਮ੍ਰਿਤਸਰ- ਸ੍ਰੀ ਹਰਿਮੰਦਰ ਸਾਹਿਬ ਮਨਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ, ਫਿਰ ਆਪ ਜੀ ਸੰਗਤ ਸਮੇਤ ਮਾਝੇ ਦੇ ਇਲਾਕੇ ਨੂੰ ਤਾਰਦੇ ਹੋਏ ਨਨਕਾਣਾ ਸਾਹਿਬ ਅਤੇ ਫਿਰ ਹਜ਼ਰੋ ਸਾਹਿਬ ਨੂੰ ਜਾਣ ਲਈ ਵਜ਼ੀਰਾਬਾਦ ਵੱਲ ਚਲੇ ਗਏ।

.......................................................

# ਪ੍ਰਦੂਸ਼ਣ ਰਹਿਤ ਦੀਵਾਲੀ

**ਮਨਪ੍ਰੀਤ ਕੌਰ**

ਭਾਰਤ ਇਕ ਅਜਿਹਾ ਦੇਸ਼ ਹੈ, ਜਿੱਥੇ ਦੀਵਾਲੀ ਦਾ ਤਿਉਹਾਰ ਰਾਸ਼ਟਰੀ ਪੱਧਰ 'ਤੇ ਮਨਾਇਆ ਜਾਂਦਾ ਹੈ । ਇਸ ਤਿਉਹਾਰ ਦੇ ਮਨਾਏ ਜਾਣ ਪਿੱਛੇ ਬਹੁਤ ਸਾਰੀਆਂ ਧਾਰਮਿਕ ਤੇ ਸਮਾਜਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ। ਇਹ ਤਿਉਹਾਰ ਕੱਤਕ ਮਹੀਨੇ ਦੀ ਅਮਾਵਸਿਆ ਵਾਲੇ ਦਿਨ ਹਿੰਦੂ ਅਤੇ ਸਿੱਖ ਮਿਲ-ਜੁਲ ਕੇ ਅਸੱਤ ਉਤੇ ਸੱਤ ਦੀ ਜਿੱਤ ਅਤੇ ਅੰਧਕਾਰ ਉਤੇ ਪ੍ਰਕਾਸ਼ ਦੀ ਜਿੱਤ ਦੇ ਰੂਪ ਵਿਚ ਮਨਾਂਦੇ ਹਨ। ਦੀਵਾਲੀ ਜਾਂ ਦੀਪਾਵਲੀ ਤੋਂ ਭਾਵ ਹੈ- ਦੀਪਾਂ ਦਾ ਤਿਉਹਾਰ। ਦੀਵਾਲੀ ਦੇ ਮੌਕੇ ਤੇ ਇਕ ਕਤਾਰ ਵਿਚ ਜਗਦੇ ਦੀਵੇ ਅਤੇ ਮੋਮਬਤੀਆਂ ਦੀ ਚਮਕ ਨਾਲ ਅਮਾਵਸਿਆ ਦੀ ਕਾਲੀ ਤੇ ਹਨੇਰੀ ਰਾਤ ਵੀ ਜਗਮਗਾ ਉਠਦੀ ਹੈ। ਰੋਸ਼ਨੀ ਦਾ ਇਹ ਤਿਉਹਾਰ ਪਤਾ ਨਹੀਂ ਕਦੋਂ ਤੇ ਕਿਵੇਂ ਆਤਿਸ਼ਬਾਜ਼ੀ ਤੇ ਪਟਾਖਿਆਂ ਦਾ ਤਿਉਹਾਰ ਬਣ ਗਿਆ, ਇਸ ਬਾਰੇ ਨਿਸਚਿਤ ਰੂਪ ਵਿਚ ਕੁੱਝ ਵੀ ਕਿਹਾ ਜਾਣਾ ਮੁਸ਼ਕਿਲ ਹੈ।

ਅੱਜ ਦੀਵਾਲੀ ਦੇ ਤਿਓਹਾਰ ਦੇ ਪਰੰਪਰਾਤਮਕ ਮਾਇਨੇ ਬਦਲ ਚੁਕੇ ਹਨ। ਅੱਜ ਇਹ ਤਿਉਹਾਰ ਪੈਸਿਆਂ ਦੀ ਬਰਬਾਦੀ, ਵਾਤਾਵਰਣ ਅਤੇ ਆਲੇ-ਦੁਆਲੇ ਨੂੰ ਪ੍ਰਦੂਸ਼ਿਤ ਕਰਨ ਅਤੇ ਮਹਿੰਗੇ ਉਪਹਾਰਾਂ ਦੇ ਲੈਣ-ਦੇਣ ਦਾ ਪ੍ਰਤੀਕ ਬਣ ਕੇ ਰਹਿ ਗਿਆ ਹੈ। ਦੀਵਾਲੀ ਦਾ ਤਿਉਹਾਰ ਖੁਸ਼ੀਆਂ, ਖੇੜਿਆਂ ਅਤੇ ਰੋਸ਼ਨੀ ਦੀ ਥਾਂ ਤੇ ਤੇਜ਼ ਆਵਾਜ਼ ਕਰਣ ਵਾਲੇ ਪਟਾਖਿਆਂ ਅਤੇ ਆਤਿਸ਼ਬਾਜੀ ਚਲਾਣ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦੇ ਸ਼ੋਰ ਅਤੇ ਧੂਏਂ ਦਾ ਮਿਲਿਆ-ਜੁਲਿਆ ਰੂਪ ਬਣ ਕੇ ਸਾਡੇ ਸਮਾਜ ਦਾ ਅੰਗ ਬਣ ਗਿਆ ਹੈ। ਪ੍ਰਦੂਸ਼ਣ ਕਾਰਣ ਅਜ ਜਨ-ਸਿਹਤ ਲਈ ਨਵੇਂ ਖ਼ਤਰੇ ਪੈਦਾ ਹੋ ਰਹੇ ਹਨ। ਐਲਰਜੀ, ਬ੍ਰੋਂਕਾਈਟਸ, ਦਿਲ ਦਾ ਦੌਰਾ, ਹਾਈ ਬਲੱਡ ਪ੍ਰੈਸ਼ਰ ਅਤੇ ਦਮੇ ਵਰਗੀਆਂ ਬੀਮਾਰੀਆਂ ਦੇ ਕੇਸ, ਕੰਨਾਂ ਦੇ ਪਰਦੇ ਫੱਟਣ ਦੀਆਂ ਘਟਨਾਵਾਂ ਵਿੱਚ ਹੋ ਰਹੇ ਵਾਧੇ, ਅੱਖਾਂ 'ਚ ਜਲਨ ਤੇ ਪਾਣੀ ਵਗਣ ਦੀਆਂ ਘਟਨਾਵਾਂ ਦੀਵਾਲੀ ਦੇ ਦਿਨਾਂ ਵਿੱਚ ਬਹੁਤ ਵਧ ਜਾਂਦੀਆਂ ਹਨ। ਫੇਫੜੇ, ਗਲੇ ਅਤੇ ਨੱਕ ਸੰਬੰਧੀ ਸਮਸਿਆਵਾਂ ਪੈਦਾ ਹੋ ਜਾਂਦੀਆਂ ਹਨ।

ਕਈਂ ਵਡੇ ਹਸਪਤਾਲਾਂ ਦੇ ਅੱਖਾਂ, ਕੰਨ, ਹਾਰਟ, ਐਲਰਜੀ ਤੇ ਬਲੱਡ-ਪ੍ਰੈਸ਼ਰ ਦੇ ਮਾਹਿਰ ਡਾਕਟਰਾਂ ਅਨੁਸਾਰ ਇਸ ਤਰ੍ਹਾਂ ਦੀਆਂ ਬੀਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੀ ਗਿਣਤੀ ਦੀਵਾਲੀ ਦੇ ਦਿਨਾਂ ਵਿੱਚ ਪੂਰੇ ਸਾਲ ਹੋਣ ਵਾਲੀਆਂ ਘਟਨਾਵਾਂ ਤੋਂ ਲਗਭਗ 20 ਤੋਂ 30 ਗੁਣਾਂ ਤੱਕ ਵਧ ਜਾਂਦੀ ਹੈ। ਦੀਵਾਲੀ ਦੇ ਦੌਰਾਨ ਪਟਾਖਿਆਂ ਦੀ ਤੇਜ਼ ਆਵਾਜ਼ ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਤੇ ਸਭ ਤੋਂ ਜ਼ਿਆਦਾ ਪੈਂਦਾ ਹੈ।

ਦੀਵਾਲੀ ਤੋਂ ਪਹਿਲਾਂ ਜ਼ਿਆਦਾਤਰ ਘਰਾਂ ਵਿੱਚ ਸਫੇਦੀ ਅਤੇ ਰੰਗ-ਰੋਗਨ ਕਰਾਇਆ ਜਾਂਦਾ ਹੈ, ਘਰਾਂ ਦੀ ਸਫਾਈ ਕੀਤੀ ਜਾਂਦੀ ਹੈ। ਪੇਂਟ ਦੀ ਗੰਧ, ਘਰਾਂ ਦੀ ਮਰਮੰਤ ਅਤੇ ਸਾਫ-ਸਫਾਈ 'ਚੋਂ ਨਿਕਲਣ ਵਾਲੀ ਗਰਦ ਜਾਂ ਧੂੜ ਦਮੇ ਦੇ ਮਰੀਜ਼ਾਂ ਦੇ ਨਾਲ-ਨਾਲ ਆਮ ਲੋਕਾਂ ਲਈ ਵੀ ਬਹੁਤ ਖ਼ਤਰਨਾਕ ਸਿੱਧ ਹੁੰਦੀ ਹੈ।

ਆਓ, ਆਤਿਸ਼ਬਾਜ਼ੀ ਅਤੇ ਪਟਾਖਿਆਂ ਤੋਂ ਨਿਕਲਦੇ ਸ਼ੋਰ ਅਤੇ ਧੂਏਂ ਤੋਂ ਨਿਕਲਦੇ ਕੈਮੀਕਲ ਅਤੇ ਉਨ੍ਹਾਂ ਦਾ ਮਨੁੱਖੀ ਸਿਹਤ ਤੇ ਪੈਂਦੇ ਪ੍ਰਭਾਵ ਦੇ ਵਿਸ਼ਲੇਸ਼ਣ ਤੇ ਇੱਕ ਝਾਤ ਮਾਰਦੇ ਹਾਂ,

– ਕੈਮੀਕਲ ਚੋਂ ਨਿਕਲਦੇ ਕਾਪਰ Copper ਨਾਲ ਸਾਹ-ਨਲੀ ਤੇ ਬੁਰਾ ਪ੍ਰਭਾਵ ਪੈਂਦਾ ਹੈ, ਜਿਸ ਨਾਲ ਸਾਹ-ਨਲੀ ਵਿੱਚ ਸੋਜਿਸ਼ ਅਤੇ ਸਾਹ ਲੈਣ ਵਿੱਚ ਔਖਿਆਈ ਦਾ ਖ਼ਤਰਾ ਵਧ ਜਾਂਦਾ ਹੈ।

– ਕੈਡੀਮੀਅਮ Cadimium ਨਾਲ ਐਨੀਮਆ ਅਤੇ ਕਿਡਨੀ ਦੇ ਖਰਾਬ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

– ਲੈਡ Lead ਨਾਲ ਨਰਵਸ ਸਿਸਟਮ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ।

– ਮੈਗਨੇਸ਼ੀਅਮ Magnesium ਵਰਗੀ ਧਾਤ ਦੀ ਗਰਦ ਨਾਲ ਦਿਮਾਗੀ ਬੁਖਾਰ ਹੋਣ ਦਾ ਖਤਰਾ ਵਧ ਜਾਂਦਾ ਹੈ।

– ਸੋਡੀਅਮ Sodium ਹਵਾ ਵਿਚ ਘੁਲ ਕੇ ਸਕਿਨ ਸੰਬੰਧੀ ਬੀਮਾਰੀਆਂ ਵਧਾ ਦੇਂਦਾ ਹੈ।

– ਜ਼ਿੰਕ Zinc ਦੇ ਪ੍ਰਭਾਵ ਨਾਲ ਪਾਚਨ-ਕ੍ਰਿਆ ਤੇ ਬੁਰਾ ਪ੍ਰਭਾਵ ਪੈਂਦਾ ਹੈ।

– ਨਾਈਟਰੇਟ Nitratedy ਅਸਰ ਨਾਲ ਦਿਮਾਗ ਵਿਚ ਵਿਕਾਰ ਪੈਦਾ ਹੋ ਜਾਂਦਾ ਹੈ।

– ਗੰਧਕ Gandhak ਦੇ ਪ੍ਰਭਾਵ ਨਾਲ ਮਨੁੱਖ ਕੋਮਾ ਵਿਚ ਜਾ ਸਕਦਾ ਹੈ।

ਦੀਵਾਲੀ ਦੇ ਤਿਉਹਾਰ ਤੇ ਪਰਿਆਵਰਣ ਅਤੇ

ਸਿਹਤ ਦੇ ਵਧਦੇ ਖ਼ਤਰੇ ਦੇ ਨਾਲ-ਨਾਲ ਮਨੁੱਖੀ ਕਦਰਾਂ-ਕੀਮਤਾਂ ਤੇ ਢਾਹ ਲਾਂਦਾ ਇੱਕ ਦੁਖਾਂਤਕ ਪਹਿਲੂ ਹੋਰ ਵੀ ਹੈ- ਉਹ ਹੈ ਕਿ ਬਹੁਤ ਘੱਟ ਲੋਕਾਂ ਵਿਚ ਇਸ ਗਲ ਦੀ ਸੋਝੀ ਤੇ ਜਾਗਰੁਕਤਾ ਹੈ ਕਿ ਪਟਾਖੇ ਅਤੇ ਆਤਿਸ਼ਬਾਜ਼ੀ ਬਣਾਣ ਵਾਲੇ ਧੰਧੇ ਨਾਲ ਜੁੜੇ ਬਹੁਤ ਸਾਰੇ ਬੱਚੇ 6 ਤੋਂ 14 ਸਾਲ ਦੀ ਉਮਰ ਦੇ ਹੁੰਦੇ ਹਨ, ਜਿਹੜੇ ਆਤਿਸ਼ਬਾਜ਼ੀ 'ਚ ਪ੍ਰਯੋਗ ਹੋ ਰਹੇ ਕੈਮੀਕਲਾਂ ਦੇ ਬੁਰੇ ਪ੍ਰਭਾਵ ਨਾਲ ਅਪਣੀ ਪੂਰੀ ਉਮਰ ਵੀ ਭੋਗ ਨਹੀਂ ਪਾਂਦੇ, ਸਗੋਂ ਕਈਂ ਤਰ੍ਹਾਂ ਦੀਆਂ ਘਾਤਕ ਬੀਮਾਰੀਆਂ ਦਾ ਸ਼ਿਕਾਰ ਹੋ ਕੇ ਇਲਾਜ ਤੋਂ ਬਿਨਾਂ ਦੁਨੀਆ ਛੱਡ ਜਾਂਦੇ ਹਨ ਜਾਂ ਕੈਮੀਕਲ ਦੇ ਪ੍ਰਭਾਵ ਕਾਰਣ ਸਾਰੀ ਉਮਰ ਸਾਰੀ ਘਾਤਕ ਬੀਮਾਰੀਆਂ ਨਾਲ ਜੂਝਦੇ ਰਹਿੰਦੇ ਹਨ।

ਸਾਡੇ ਵਿਚੋਂ ਅਜਿਹੇ ਬਹੁਤ ਹੀ ਥੋੜੇ ਲੋਕ ਹਨ ਜੋ ਇਹ ਸਮਝਦੇ ਹਨ ਕਿ ਥੋੜੀ ਦੇਰ ਦੇ ਮਨੋਰੰਜਨ ਲਈ ਅਸੀਂ ਆਣ ਵਾਲੀ ਪਨੀਰੀ ਨਾਲ ਕਿੰਨਾ ਵਡਾ ਧ੍ਰੋਹ ਕਮਾ ਰਹੇ ਹਾਂ। ਨਿਕੇ-ਨਿਕੇ ਬਾਲ ਤੇ ਬਾਲੜੀਆਂ, ਪਟਾਖੇ, ਅਨਾਰ, ਫੁਲਝੜੀਆਂ ਤੇ ਹੋਰ ਕਿੰਨੇ ਹੀ ਖ਼ਤਰਨਾਕ ਪਟਾਖਿਆਂ ਨੂੰ ਬਣਾਂਦੇ- ਬਣਾਂਦੇ ਕਈਂ ਵਾਰੀ ਅਚਨਚੇਤੀ ਲਗੀ ਅੱਗ ਨਾਲ ਝੁਲਸ ਜਾਂਦੇ ਹਨ ਜਾਂ ਸੜ ਕੇ ਮਰ ਜਾਂਦੇ ਹਨ। ਸਾਡੀਆਂ ਸਰਕਾਰਾਂ ਤੇ NGO'S ਨੂੰ ਇਸ ਪਾਸੇ ਵੀ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਭਾਰਤ ਵਰਗੇ ਦੇਸ਼ ਵਿਚ child labour ਦਾ ਮਸਲਾ ਬੜਾ ਹੀ ਗੰਭੀਰ ਹੈ, ਖ਼ਾਸ ਤੌਰ ਤੇ ਅਜਿਹੇ ਕਿੱਤੇ ਨਾਲ ਜੁੜੇ ਬੱਚਿਆ ਦਾ ਭਵਿੱਖ ਖ਼ਤਰੇ ਵਿੱਚ ਹੈ। ਹਾਲਾਂਕਿ ਸਰਕਾਰ ਅਤੇ ਹਜ਼ਾਰਾਂ NGO ਦੇ ਪ੍ਰਭਾਵ ਤੇ ਨਿਯੰਤਰਣ ਕਾਰਣ ਅਜਿਹੀਆਂ ਫੈਕਟਰੀਆਂ ਇਸ ਨੂੰ ਰੋਕਣ ਵਿਚ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਪਾ ਰਹੀਆਂ।

ਦੀਵਾਲੀ ਦੇ ਇਸ ਸ਼ੁਭ ਤਿਓਹਾਰ ਨੂੰ ਕੁੱਝ ਅਸਾਮਾਜਿਕ ਕੁ ਪ੍ਰਥਾਵਾਂ ਨੇ ਵੀ ਜਕੜਿਆ ਹੋਇਆ ਹੈ। ਕੁੱਝ ਲੋਕ ਇਸ ਦਿਨ ਅਪਣਾ ਧੰਨ ਤੇ ਸਮਾਂ ਜੂਆ ਖੇਡ ਕੇ ਬਰਬਾਦ ਕਰਦੇ ਹਨ। ਧੰਨ ਦੀ ਦੇਵੀ ਲਛਮੀ ਦੀ ਪੂਜਾ ਦੇ ਦਿਨ ਹੀ ਲਛਮੀ ਨੂੰ ਦਾਅ ਤੇ ਲਗਾ ਕੇ ਆਪਣੀ ਕਿਸਮਤ ਚਮਕਾਣ ਦੀ ਕੋਸ਼ਿਸ਼ ਕਰਦੇ ਹਨ। ਅਜਿਹੇ ਲੋਕਾਂ ਦਾ ਤਰਕ ਹੈ ਕਿ ਇਸ ਦਿਨ ਜੂਆ ਖੇਡਣਾ ਸਾਡੇ ਸ਼ਾਸਤਰਾਂ ਵਿੱਚ ਲਿਖੇ ਅਨੁਸਾਰ ਬੜਾ ਹੀ ਪੁਨੀਤ ਕਾਰਜ ਹੈ।

ਦੀਵਾਲੀ ਦੇ ਮੌਕੇ ਤੇ ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ ਕਰਕੇ ਜਿੱਥੇ ਕੁਝ ਲੋਕ ਅਪਣੀ ਸਿਹਤ ਨਾਲ ਖਿਲਵਾੜ ਕਰਦੇ ਹਨ ਓਥੇ ਨਾਲ ਹੀ ਅਪਣੇ ਪਰਿਵਾਰ ਮਾਤਾ-ਪਿਤਾ, ਪਤਨੀ ਤੇ ਬੱਚਿਆਂ ਨਾਲ ਵੀ ਭਾਰੀ ਬੇਇਨਸਾਫੀ ਕਰਦੇ ਹਨ।

ਦੀਵਾਲੀ ਦੀਪਾਂ ਤੇ ਰੋਸ਼ਨੀਆਂ ਦਾ ਤਿਓਹਾਰ ਹੈ, ਜਗਮਗਾਂਦੇ ਦੀਵਿਆਂ ਦੇ ਨਾਲ ਪਟਾਖਿਆਂ ਦੇ ਮੇਲ ਤੋਂ ਇਹ ਤਿਓਹਾਰ ਹੋਰ ਵੀ ਸੁਨਹਿਰਾ ਹੋ ਜਾਂਦਾ ਹੈ, ਪਰ ਕਈਂ ਵਾਰ ਆਤਿਸ਼ਬਾਜ਼ੀ ਜਾਂ ਪਟਾਖੇ ਕਿਸੀ ਅਣਹੋਣੀ ਘਟਨਾ ਦੀ ਵਜ੍ਹਾ ਬਣ ਜਾਂਦੇ ਹਨ। ਸਾਨੂੰ ਧਿਆਨ ਰਖਣਾ ਚਾਹੀਦਾ ਹੈ ਕਿ ਪਟਾਖੇ ਨਾ ਸਿਰਫ ਸ਼ਰੀਰ ਲਈ ਨੁਕਸਾਨ ਦੇਹ ਹਨ, ਸਗੋਂ ਇਹ ਵਾਤਵਰਣ ਨੂੰ ਵੀ ਪ੍ਰਦੂਸ਼ਿਤ ਕਰਦੇ ਹਨ।

ਆਓ, ਅਸੀ ਏਸ ਦੀਵਾਲੀ ਕੁਝ ਅਜਿਹਾ ਕਰੀਏ ਜਿਸ ਨਾਲ ਕਿਸੇ ਲੋੜਵੰਦ ਤੇ ਗਰੀਬੀ ਦੇ ਹਨੇਰੇ ਚ ਰਹਿ ਰਹੇ ਲੋਕਾਂ ਦੀ ਜ਼ਿਦਗੀ ਰੋਸ਼ਨੀ ਨਾਲ ਭਰ ਜਾਏ। ਆਤਿਸ਼ਬਾਜ਼ੀ ਤੇ ਰੁਪਏ ਫੂਕਣ ਦੀ ਥਾਂ ਕਿਸੇ ਸਕਾਰਥੇ ਲਾ ਦਈਏ। ਦੀਵਾਲੀ ਦਾ ਤਿਉਹਾਰ ਮਰਿਯਾਦਾ, ਸੱਚ, ਕਰਮ, ਸਦਭਾਵਨਾਂ ਦਾ ਸੰਦੇਸ਼ ਦਿੰਦਾ ਹੈ। ਸਾਡੇ ਸਾਰਿਆਂ ਦੀ ਇਹੀ ਕੋਸ਼ਿਸ ਹੋਣੀ ਚਾਹੀਦੀ ਹੈ ਕਿ ਪ੍ਰਦੂਸ਼ਣ ਰਹਿਤ ਦੀਵਾਲੀ ਮਨਾ ਕੇ ਖੁਸ਼ੀਆਂ, ਖੇੜੇ ਤੇ ਅਨੰਦ ਮਾਣੀਏ।

.....................................................

## ਓਹ ਕਿਥੇ ਹੈ ?

ਫਲਸਫਾ ਏ, ਵਿਗਿਆਨ ਏ, ਗਣਿਤ ਤੇ ਇਤਹਾਸ ਏ,
ਰਹੱਸ ਹੈ ਓ ਸਾਗਰਾਂ ਦਾ, ਤੇ ਖੁੱਲੀ ਕਿਤਾਬ ਜਿਹਾ ਆਕਾਸ਼ ਏ।

ਕੁਝ ਨਹੀਂ ਤੋਂ ਸਭ ਕੁਝ ਸਿਰਜਿਆ ਇਕ ਇਸ਼ਾਰੇ ਨਾਲ,
ਸੁਰੁਆਤ ਏ, ਵਿਚਕਾਰ ਏ, ਤੇ ਓਹੀਓ ਸਭਦਾ ਨਾਸ ਏ।

ਕਿੱਥੇ ਹੈ ਦਿਸਦਾ ਨਹੀਂ, ਜੇ ਕੋਈ ਆਖੇ ਤੇ ਮੈਂ ਦੱਸ ਦੇਨਾ,
ਅੰਗ-ਸੰਗ ਸਹਾਈ ਹਰ ਵਕਤ ਹੈ, ਨੌਂਹ ਦੇ ਨਾਲ ਓਹ ਮਾਸ ਏ।

ਘੜੀ-ਸਮਾਂ ਧਾਤੂਆਂ ਤੇ ਸੋਚਣੀ ਤੋਂ ਪਾਰ ਦੀ,
ਨੀਰ ਨਾਲ ਜੋ ਬੁਝੇ ਨਾ, ਹਰ ਆਤਮਾ ਦੀ ਪਿਆਸ ਏ।

ਪਾਣੀ ਦੀ ਹਰ ਬੂੰਦ ਵਿੱਚ, ਅੱਗ ਦੀ ਹਰ ਲਾਟ ਵਿੱਚ,
ਹਰਿ ਸੁੱਖ ਹਰਿ ਦੁੱਖ ਵਿੱਚ, ਹਰ ਸ਼ਹ ਵਿਚ ਉਹਦਾ ਵਾਸ ਏ।

**ਜਸਵੰਤ ਸਿੰਘ ਢਿੱਲੋਂ**

# ਧਰਮਾਂ ਦੀਆਂ ਵਲਗਣਾਂ ਦੇ ਪਾਰ



**ਰਾਮਚੰਦਰ ਗੁਹਾ**

ਆਧੁਨਿਕ ਦੁਨੀਆ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ 'ਚੋਂ ਇੱਕ ਇਹ ਹੈ ਕਿ ਵੱਖ-ਵੱਖ ਧਰਮਾਂ ਦੇ ਲੋਕ ਆਪਸ ਵਿੱਚ ਮਿਲ-ਜੁਲ ਕੇ ਸ਼ਾਂਤੀ ਨਾਲ ਕਿਵੇਂ ਰਹਿਣ।- ਮੱਧ ਪੂਰਬ ਅਤੇ ਦੱਖਣੀ ਏਸ਼ੀਆ ਵਿੱਚ ਧਾਰਮਿਕ ਬਹੁਗਿਣਤੀਵਾਦ ਦੇ ਸਿਧਾਂਤ ਤੇ ਰਾਸ਼ਟਰੀ ਰਾਜ ਦੇ ਗਠਨ ਅਤੇ ਗ਼ੈਰ-ਇਸਾਈ ਆਬਾਦੀ ਦੇ ਯੂਰੋਪ ਅਤੇ ਉੱਤਰੀ ਅਮਰੀਕਾ ਦੇ ਦੇਸ਼ਾਂ ਵੱਲ ਪਰਵਾਸ ਨਾਲ ਵੈਰਭਾਵੀ ਅਤੇ ਧਰਮ ਦੇ ਆਧਾਰ 'ਤੇ ਹਿੰਸਕ ਟਕਰਾਅ ਪੈਦਾ ਹੋਏ। ਹੰਕਾਰ ਅਤੇ ਸਰਬਸ਼੍ਰੇਸ਼ਠਤਾ ਦੀ ਭਾਵਨਾ ਅਕਸਰ ਸਹਿਣਸ਼ੀਲਤਾ ਅਤੇ ਆਪਸੀ ਸਮਝ-ਬੂਝ ਉੱਪਰ ਹਾਵੀ ਹੋ ਜਾਂਦੀ ਹੈ।

ਅਮਰੀਕੀ ਵਿਦਵਾਨ ਥਾਮਸ ਅਲਬਰਟ ਹਾਵਰਡ ਨੇ ਆਪਣੀ ਕਿਤਾਬ 'ਦਿ ਫੇਬਸ ਆਫ ਅਦਰਜ਼: ਏ ਹਿਸਟਰੀ ਆਫ ਇੰਟਰਰਿਲੀਜੀਅਸ ਡਾਇਲਾਗ ਵਡੇਰੀ ਅੰਤਰ-ਧਰਮੀ ਸਮਝ-ਬੂਝ ਬਾਰੇ ਕਾਫ਼ੀ ਸ਼ਿੱਦਤ ਨਾਲ ਲਿਖਿਆ ਹੈ। ਹਾਵਰਡ ਦੀ ਕਿਤਾਬ ਦਾ ਵੱਡਾ ਹਿੱਸਾ ਇਸਾਈਅਤ 'ਤੇ ਆਧਾਰਿਤ ਹੈ ਜਿਸ ਨਾਲ ਉਸ ਦੀ ਬਹੁਤੀ ਜਾਣ-ਪਛਾਣ ਸੀ। ਇਸਾਈ ਧਰਮ ਸ਼ਾਸਤਰੀ ਕਿਸੇ ਸਮੇਂ ਇਸ ਗੱਲ ਦੇ ਬਹੁਤ ਜ਼ਿਆਦਾ ਕਾਇਲ ਸਨ ਕਿ ਉਨ੍ਹਾਂ ਦਾ ਧਰਮ ਹੀ ਸੱਚਾ ਧਰਮ ਹੈ। ਵੀਹਵੀਂ ਸਦੀ ਵਿੱਚ ਇਹ ਧਾਰਨਾ ਬਦਲਣੀ ਸ਼ੁਰੂ ਹੋਈ। ਕਿਸੇ ਵੇਲੇ ਆਪਣੇ ਅਧਿਆਤਮਿਕ ਗੁਮਾਨ ਲਈ ਜਾਣੇ ਜਾਂਦੇ ਕੈਥੋਲਿਕ ਚਰਚ ਨੇ 1960 ਵਿੱਚ ਦੂਜੇ ਧਰਮਾਂ ਨੂੰ ਮਾਨਤਾ ਦੇਣ ਦੀ ਸਹਿਜ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ। ਅਗਸਤ 1964 ਦੇ ਇੱਕ ਬਿਆਨ ਵਿੱਚ ਪੋਪ ਨੇ ਕਿਹਾ ਸੀ ਕਿ ਉਨ੍ਹਾਂ ਦਾ ਚਰਚ ਵੱਖ-ਵੱਖ 'ਗ਼ੈਰ- ਇਸਾਈ ਧਰਮਾਂ ਦੀਆਂ ਨੈਤਿਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨੂੰ ਮਾਨਤਾ ਤੇ ਸਤਿਕਾਰ ਦੇਵੇਗਾ...।" ਪੱਚੀ ਸਾਲਾਂ ਬਾਅਦ ਇੱਕ ਹੋਰ ਪੋਪ ਨੇ ਅਗਾਂਹ ਆਖਿਆ ਕਿ 'ਸੰਵਾਦ ਪੈਂਤੜੇਵਾਦੀ ਸਰੋਕਾਰਾਂ ਅਤੇ ਸਵੈ ਹਿੱਤ 'ਚੋਂ ਨਹੀਂ ਉਪਜਦਾ ਸਗੋਂ ਇਹ ਇੱਕ ਅਜਿਹੀ ਸਰਗਰਮੀ ਹੈ ਜਿਸ ਦੇ ਰਾਹ ਦਰਸਾਊ ਸਿਧਾਂਤ, ਲੋੜਾਂ ਅਤੇ ਆਤਮ-ਸਨਮਾਨ ਹੁੰਦਾ ਹੈ।

ਹਾਵਰਡ ਦੇ ਅਧਿਐਨ ਵਿੱਚ ਅੰਤਰ-ਧਰਮੀ ਸੰਵਾਦ ਦੇ ਦੋ ਭਾਰਤੀ ਪੈਰਵੀਕਾਰਾਂ ਦਾ ਵੀ ਜ਼ਿਕਰ ਆਉਂਦਾ ਹੈ। ਇਨ੍ਹਾਂ 'ਚੋਂ ਇੱਕ ਹੈ ਮੁਗ਼ਲ ਸਮਰਾਟ ਅਕਬਰ ਜਿਸਦੇ ਮੁਤੱਲਕ ਉਸ ਨੇ ਬਹੁਤੀ ਸੇਧ 1952 ਵਿੱਚ ਮੱਖਣ ਲਾਲ ਰਾਏਚੌਧਰੀ ਦੀ ਲਿਖੀ ਕਿਤਾਬ 'ਦੀਨ-ਏ-ਇਲਾਹੀ ਚੋਂ ਲਈ ਸੀ। ਖ਼ਾਸ ਤੌਰ 'ਤੇ ਮੇਰੀ ਨਜ਼ਰ ਇੱਕ ਖ਼ਤ ਉੱਪਰ ਅਟਕ ਗਈ ਜੋ ਬਾਦਸ਼ਾਹ ਅਕਬਰ ਨੇ ਆਪਣੇ ਸਮਕਾਲੀ ਸਪੇਨ ਦੇ ਬਾਦਸ਼ਾਹ ਕਿੰਗ ਫਿਲਿਪ ਦੋਇਮ ਨੂੰ ਲਿਖਿਆ ਸੀ। ਯਹੂਦੀਆਂ ਅਤੇ ਮੁਸਲਮਾਨਾਂ ਦੇ ਦੇਸ਼ ਨਿਕਾਲੇ ਤੋਂ ਬਾਅਦ ਸਪੇਨ ਦੇ ਕੈਥੋਲਿਕ ਧਰਮ ਵਿੱਚ ਕੱਟੜਪੁਣਾ ਵਧਦਾ ਜਾ ਰਿਹਾ ਸੀ। ਅਕਬਰ ਨੇ ਆਪਣੇ ਹਮਰੁਤਬਾ ਬਾਦਸ਼ਾਹ ਨੂੰ ਹਿੰਦੋਸਤਾਨ ਤੋਂ ਸਬਕ ਲੈਣ ਲਈ ਕਿਹਾ, ਜਿੱਥੇ 'ਹਰ ਕੋਈ ਆਪਣੀਆਂ ਦਲੀਲਾਂ ਅਤੇ ਕਾਰਨਾਂ ਦੀ ਤਸਦੀਕ ਕਰਵਾਏ ਬਿਨਾਂ, ਆਪਣੇ ਧਰਮ ਦੀ ਪਾਲਣਾ ਕਰਦਾ ਰਹਿੰਦਾ ਹੈ ਜਿਸ ਵਿੱਚ ਉਹ ਪੈਦਾ ਹੋ ਕੇ ਅਤੇ ਪੜ੍ਹ ਲਿਖ ਕੇ ਵੱਡਾ ਹੋਇਆ ਸੀ ਅਤੇ ਇਸ ਤਰ੍ਹਾਂ ਆਪਣੇ ਆਪ ਨੂੰ ਸਚਾਈ ਦਾ ਪਤਾ ਲਗਾਉਣ ਦੀ ਸੰਭਾਵਨਾ ਤੋਂ ਬਾਹਰ ਰੱਖਦਾ ਹੈ ਜੋ ਕਿ ਮਨੁੱਖੀ ਲਿਆਕਤ ਦਾ ਸਭ ਤੋਂ ਉੱਤਮ ਉਦੇਸ਼ ਹੈ। ਇਸ ਤਰ੍ਹਾਂ ਅਸੀਂ (ਹਿੰਦੋਸਤਾਨ ਵਿੱਚ) ਸੁਵਿਧਾਜਨਕ ਰੁੱਤਾਂ ਵਿੱਚ ਸਾਰੇ ਧਰਮਾਂ ਦੇ ਸਾਰੇ ਵਿਦਵਾਨਾਂ ਦੀ ਸੰਗਤ ਕਰਦੇ ਹਾਂ, ਇਸ ਤਰ੍ਹਾਂ ਉਨ੍ਹਾਂ ਦੇ ਸ਼ਾਨਦਾਰ

ਪ੍ਰਵਚਨਾਂ ਅਤੇ ਉੱਚੀਆਂ ਸ਼ੁਭ ਕਾਮਨਾਵਾਂ ਤੋਂ ਲਾਭ ਪ੍ਰਾਪਤ ਕਰਦੇ ਹਾਂ।

ਭਾਰਤ ਦੀ ਦੂਜੀ ਮਿਸਾਲ ਜਿਸ ਨੂੰ ਹਾਵਰਡ ਕੁਝ ਹੱਦ ਤੱਕ ਤਵੱਜੋ ਦਿੰਦਾ ਹੈ, ਉਹ ਸੀ ਸਵਾਮੀ ਵਿਵੇਕਾਨੰਦ ਜੋ ਅਕਬਰ ਤੋਂ ਕਈ ਸਦੀਆਂ ਬਾਅਦ ਹੋਇਆ। ਹੋਰਨਾਂ ਟਿੱਪਣੀਕਾਰਾਂ ਵਾਂਗ ਹੀ ਉਸ ਨੇ 1893 ਵਿੱਚ ਸ਼ਿਕਾਗੋ ਵਿੱਚ ਹੋਈ ਵਿਸ਼ਵ ਧਰਮ ਸੰਸਦ ਮੌਕੇ ਵਿਵੇਕਾਨੰਦ ਦੇ ਭਾਸ਼ਣ ਨੂੰ ਦਰਸਾਇਆ ਹੈ। ਉਨ੍ਹਾਂ ਪਹਿਲੀ ਵਾਰ ਸਾਨੂੰ ਇਸ ਸੰਸਦ ਦੇ ਆਦਰਸ਼ਾਂ ਤੋਂ ਜਾਣੂ ਕਰਾਇਆ ਹੈ ਜਿਨ੍ਹਾਂ ਵਿੱਚ ਹੋਰਨਾਂ ਤੋਂ ਇਲਾਵਾ ਦੋਸਤਾਨਾ ਇਕੱਤਰਤਾਵਾਂ ਅਤੇ ਆਪਸੀ ਸਮਝ-ਬੂਝ ਪੈਦਾ ਕਰ ਕੇ ਵੱਖ-ਵੱਖ ਧਰਮਾਂ ਦੇ ਲੋਕਾਂ ਦਰਮਿਆਨ ਮਾਨਵੀ ਭਾਈਚਾਰੇ ਦੀ ਭਾਵਨਾ ਨੂੰ ਹੱਲਾਸ਼ੇਰੀ ਦੇਣਾ ਅਤੇ ਗਹਿਰਾ ਕਰਨਾ; ਅਤੇ ਸਥਾਈ ਕੌਮਾਂਤਰੀ ਸ਼ਾਂਤੀ ਸਥਾਪਿਤ ਕਰਨ ਦੀ ਆਸ ਨਾਲ ਦੁਨੀਆ ਦੇ ਦੇਸ਼ਾਂ ਦਰਮਿਆਨ ਦੋਸਤਾਨਾ ਸਾਂਝ ਪੈਦਾ ਕਰਨਾ ਸ਼ਾਮਿਲ ਹਨ।

ਹਾਵਰਡ ਫਿਰ ਸ਼ਿਕਾਗੋ ਵਿੱਚ ਸਵਾਮੀ ਵਿਵੇਕਾਨੰਦ ਦੇ ਭਾਸ਼ਣ ਦੇ ਕੁਝ ਅੰਸ਼ਾਂ ਦਾ ਜ਼ਿਕਰ ਕਰਦਾ ਹੈ। ਇਨ੍ਹਾਂ 'ਚੋਂ ਇੱਕ ਵਿੱਚ ਸਵਾਮੀ ਦੀ ਇਹ ਨਿਸ਼ਚਾ ਦਰਜ ਸੀ ਕਿ ਉਸ ਨੂੰ ਫਖ਼ਰ ਹੈ ਕਿ ਉਹ ਇੱਕ ਅਜਿਹੇ ਧਰਮ ਨਾਲ ਸਬੰਧ ਰੱਖਦਾ ਹੈ ਜਿਸ ਨੇ ਦੁਨੀਆ ਨੂੰ ਸਹਿਣਸ਼ੀਲਤਾ ਅਤੇ ਸਰਬਵਿਆਪੀ ਪ੍ਰਵਾਨਗੀ ਦਾ ਪਾਠ ਪੜ੍ਹਾਇਆ ਹੈ; ਅਤੇ ਨਾਲ ਹੀ ਉਸ ਨੂੰ ਇਹ ਵੀ ਮਾਣ ਹੈ ਕਿ ਉਹ ਇੱਕ ਅਜਿਹੇ ਦੇਸ਼ ਨਾਲ ਸਬੰਧ ਰੱਖਦਾ ਹੈ ਜੋ ਦੁਨੀਆ ਦੇ ਸਾਰੇ ਧਰਮਾਂ ਅਤੇ ਸਾਰੇ ਦੇਸ਼ਾਂ ਦੇ ਸਤਾਏ ਹੋਏ ਅਤੇ ਸ਼ਰਨਾਰਥੀ ਲੋਕਾਂ ਨੂੰ ਪਨਾਹ ਦਿੰਦਾ ਹੈ।' ਵਿਵੇਕਾਨੰਦ ਦਾ ਦੂਜਾ ਕਥਨ ਸ਼ਾਇਦ ਹੋਰ ਵੀ ਢੁਕਵਾਂ ਹੈ ਜੋ ਇਉਂ ਹੈ: 'ਤੰਗਨਜ਼ਰੀ, ਕੱਟੜਪੁਣਾ ਅਤੇ ਇਸ ਦੇ ਖ਼ੌਫ਼ਨਾਕ ਵੰਸ਼ਜ ਮੂਲਵਾਦ ਨੇ ਲੰਮੇ ਅਰਸੇ ਤੋਂ ਇਸ ਖ਼ੂਬਸੂਰਤ ਧਰਤੀ 'ਤੇ ਜੱਫਾ ਮਾਰਿਆ ਹੋਇਆ ਹੈ... ਪਰ ਇਸ ਦਾ ਅੰਤ ਆ ਗਿਆ ਹੈ ਅਤੇ ਮੈਨੂੰ ਪੁਰਜ਼ੋਰ ਆਸ ਹੈ ਕਿ ਇਹ ਸਵੇਰ ਘੰਟੀ (ਸੰਸਦ ਦੀ ਸ਼ੁਰੂਆਤ ਵੇਲੇ) ਵੱਜਣ ਸਾਰ ਹਰ ਤਰ੍ਹਾਂ ਦੇ ਕੱਟੜਪੁਣੇ ਦਾ ਖਾਤਮਾ ਹੋ ਜਾਵੇਗਾ।

ਹਾਵਰਡ ਨੇ ਗਾਂਧੀ ਦਾ ਜ਼ਿਕਰ ਕੁਝ ਹੋਰ ਪ੍ਰਸੰਗਾਂ ਵਿੱਚ ਕੀਤਾ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਦੀ ਧਾਰਮਿਕ ਸੋਚ ਬਾਰੇ ਗਹਿਰਾਈ ਨਾਲ ਵਿਚਾਰ ਨਹੀਂ ਕੀਤਾ। ਦਰਅਸਲ, ਗਾਂਧੀ ਗਹਿਨਤਾ ਅਤੇ ਸ਼ਿੱਦਤ ਦੇ ਲਿਹਾਜ਼ ਤੋਂ ਅਕਬਰ ਅਤੇ ਵਿਵੇਕਾਨੰਦ ਨਾਲੋਂ ਵੀ ਵੱਡਾ ਧਾਰਮਿਕ ਬਹੁਲਤਾਵਾਦੀ ਸੀ। ਉਸ ਨੇ ਅੰਤਰ-ਧਰਮੀ ਸੰਵਾਦ ਦੀ ਪੈਰਵੀ ਕੀਤੀ ਅਤੇ ਇਸ ਨੂੰ ਅੰਤਰ-ਧਰਮੀ ਸਮਾਜਿਕ ਕਾਰਜ ਦੇ ਤੌਰ 'ਤੇ ਅਮਲ ਵਿੱਚ ਵੀ ਲਿਆਂਦਾ। ਦੱਖਣੀ ਅਫ਼ਰੀਕਾ ਹੋਵੇ ਜਾਂ ਹਿੰਦੋਸਤਾਨ, ਉਨ੍ਹਾਂ ਦੇ ਸਤਿਆਗ੍ਰਹਿ ਦੁਨੀਆ ਦੇ ਸਾਰੇ ਧਰਮਾਂ ਦੇ ਲੋਕਾਂ ਨੂੰ ਕਲਾਵੇ ਵਿੱਚ ਲੈਣ ਦੀ ਤਲਬ ਰੱਖਦੇ ਸਨ। ਉਨ੍ਹਾਂ ਦੇ ਆਸ਼ਰਮਾਂ ਵਿੱਚ ਵੱਖ-ਵੱਖ ਧਰਮਾਂ ਦੇ ਲੋਕ ਇਕੱਠੇ ਰਹਿੰਦੇ ਸਨ ਜਿਸ ਸਦਕਾ ਉਨ੍ਹਾਂ ਦਰਮਿਆਨ ਆਪਸੀ ਸਤਿਕਾਰ ਅਤੇ ਸਮਝ-ਬੂਝ ਪੈਦਾ ਹੁੰਦੀ ਸੀ। ਉਨ੍ਹਾਂ ਦੀਆਂ ਅੰਤਰ-ਧਰਮੀ ਪ੍ਰਾਰਥਨਾਵਾਂ ਵਿੱਚ ਵੱਖ- ਵੱਖ ਧਰਮਾਂ ਦੇ ਵਚਨ ਅਤੇ ਸ਼ਬਦ ਗਾਏ ਜਾਂਦੇ ਸਨ ਅਤੇ ਇਹ ਸਾਡੇ ਸੰਤਾਪੇ ਸਮਿਆਂ ਦੀ ਇੱਕ ਯਾਦ ਰੱਖਣ ਲਾਇਕ ਬੇਮਿਸਾਲ ਕਾਢ ਸੀ।

ਨਾਸਤਿਕਾਂ ਦੇ ਉਲਟ ਗਾਂਧੀ ਇਹ ਸਵੀਕਾਰ ਕਰਨ ਲਈ ਤਿਆਰ ਸਨ ਕਿ ਕੋਈ ਅਜਿਹੀ ਸ਼ਕਤੀ ਜਾਂ ਆਤਮਾ ਹੈ ਜੋ ਮਨੁੱਖੀ ਗਿਆਨ ਤੋਂ ਪਰ੍ਹੇ ਹੈ। ਆਸਤਿਕਾਂ ਤੋਂ ਉਲਟ ਉਹ ਇਹ ਵਿਸ਼ਵਾਸ ਨਹੀਂ ਕਰਦੇ ਸਨ ਕਿ ਉਨ੍ਹਾਂ ਦਾ ਧਰਮ ਰੱਬ ਤੱਕ ਅੱਪੜਨ ਦਾ ਕੋਈ ਖ਼ਾਸ ਅਤੇ ਉੱਤਮ ਰਾਹ ਮੁਹੱਈਆ ਕਰਾਉਂਦਾ ਹੈ। ਸਤੰਬਰ 1924 ਵਿੱਚ ਉਨ੍ਹਾਂ ਇੱਕ ਲੇਖ 'ਗੌਡ ਇਜ਼ ਵਨ' (ਪਰਮਾਤਮਾ ਇੱਕ ਹੈ) ਲਿਖਿਆ ਜਿਸ ਵਿੱਚ ਉਨ੍ਹਾਂ ਕਿਹਾ: 'ਹਿੰਦੋਸਤਾਨ 'ਚੋਂ ਇਸਲਾਮ, ਇਸਾਈਅਤ ਜਾਂ ਯਹੂਦੀਅਤ ਨਿਕਲ ਜਾਣ ਦੀ ਖ਼ਾਹਿਸ਼ ਉਵੇਂ ਦਾ ਹੀ ਫਜ਼ੂਲ ਸੁਪਨਾ ਹੈ ਜਿਵੇਂ ਮੁਸਲਮਾਨਾਂ ਦੀ ਕਲਪਨਾ ਹੈ ਕਿ ਦੁਨੀਆ 'ਚ ਸਿਰਫ਼ ਇਸਲਾਮ ਦਾ ਰਾਜ ਹੋਵੇਗਾ... ਸੱਚ ਕਿਸੇ ਇੱਕ ਧਰਮ ਪੁਸਤਕ ਦੀ ਸੰਪਤੀ ਨਹੀਂ ਹੈ।

ਇਸ ਤਰ੍ਹਾਂ ਦੇ ਤਸਦੀਕੀਕਰਨ ਨੂੰ ਰੱਦ ਕਰ ਕੇ ਗਾਂਧੀ ਧਰਮ ਪਰਿਵਰਤਨ ਦੇ ਕਾਰਜਾਂ ਦੇ ਆਲੋਚਕ ਬਣ ਗਏ ਸਨ ਜੋ ਭਾਵੇਂ ਹਿੰਦੂ ਕਰਨ ਜਾਂ ਫਿਰ ਮੁਸਲਮਾਨਾਂ ਜਾਂ ਇਸਾਈਆਂ ਵੱਲੋਂ ਕੀਤੇ ਜਾਂਦੇ ਹੋਣ। ਇੱਕ ਵਾਰ ਉਨ੍ਹਾਂ ਲਿਖਿਆ ਸੀ: 'ਮਿਸ਼ਨਰੀ ਕਾਰਜਾਂ ਦੀ ਜੜ੍ਹ ਵਿੱਚ ਇਹ ਧਾਰਨਾ ਵੀ ਪਈ ਹੁੰਦੀ ਹੈ ਕਿ ਕਿਸੇ ਵਿਅਕਤੀ ਦਾ ਆਪਣਾ ਵਿਸ਼ਵਾਸ ਨਾ ਕੇਵਲ ਉਸ ਲਈ ਸੱਚ ਹੁੰਦਾ ਹੈ ਸਗੋਂ ਸਮੁੱਚੇ ਜਗਤ ਲਈ ਵੀ ਸੱਚ ਹੁੰਦਾ ਹੈ; ਜਦੋਂ ਕਿ ਸਚਾਈ ਇਹ ਹੈ ਕਿ ਰੱਬ ਲੱਖਾਂ ਰੂਪਾਂ ਵਿੱਚ ਸਾਡੇ ਤੱਕ ਅੱਪੜਦਾ ਹੈ ਜਿਨ੍ਹਾਂ ਦੀ ਸਾਨੂੰ ਕੋਈ ਸਮਝ ਨਹੀਂ ਹੁੰਦੀ। ਆਪਣੀ ਗੱਲ ਕਰਦਿਆਂ ਗਾਂਧੀ ਨੇ ਕਿਹਾ ਕਿ ਮੈਰੀ ਅਜਿਹੀ ਕੋਈ ਭਾਵਨਾ ਨਹੀਂ ਹੈ ਕਿ

ਅਧਿਆਤਮਿਕ ਤੌਰ 'ਤੇ ਮੈਂ ਕਿਸੇ ਕਥਿਤ ਵਹਿਸ਼ੀ ਨਾਲੋਂ ਲਾਜ਼ਮੀ ਤੌਰ 'ਤੇ ਜ਼ਿਆਦਾ ਸ਼੍ਰੇਸ਼ਠ ਹਾਂ ਤੇ ਅਧਿਆਤਮਿਕ ਸ਼੍ਰੇਸ਼ਠਤਾ ਇੱਕ ਖ਼ਤਰਨਾਕ ਅਹਿਸਾਸ ਹੁੰਦੀ ਹੈ।

ਆਪਣੇ ਤੋਂ ਇਲਾਵਾ ਹੋਰਨਾਂ ਧਰਮਾਂ ਪ੍ਰਤੀ ਸਤਿਕਾਰ ਦੂਜੇ ਧਰਮਾਂ ਦੇ ਲੋਕਾਂ ਨਾਲ ਮੇਲ-ਮਿਲਾਪ ਦੀ ਚਾਹਤ ਪੈਦਾ ਕਰਦਾ ਹੈ, ਪਰ ਗਾਂਧੀ ਲਈ ਇਹ ਮਾਮਲਾ ਕੋਈ ਨਿੱਜੀ ਚੋਣ ਮਾਤਰ ਨਹੀਂ ਸੀ ਸਗੋਂ ਇੱਕ ਸਿਆਸੀ ਕਰਮ ਵੀ ਸੀ। 1941 ਵਿੱਚ ਗਾਂਧੀ ਨੇ ਤੀਹ ਪੰਨਿਆਂ ਦਾ ਇੱਕ ਕਿਤਾਬਚਾ ਛਾਪਿਆ ਜਿਸ ਵਿੱਚ ਇੱਕ 'ਉਸਾਰੂ ਪ੍ਰੋਗਰਾਮ ਦਾ ਵਰਣਨ ਕੀਤਾ ਗਿਆ ਸੀ ਜਿਸ ਨੂੰ ਕਾਂਗਰਸ ਪਾਰਟੀ ਦੇ ਹਰੇਕ ਮੈਂਬਰ ਲਈ ਅਪਣਾਉਣਾ ਜ਼ਰੂਰੀ ਸੀ। ਇਸ ਵਿੱਚ ਜੋ ਵਿਸ਼ੇ ਦਰਜ ਕੀਤੇ ਗਏ ਸਨ ਉਨ੍ਹਾਂ ਵਿੱਚ ਛੂਆਛਾਤ ਦਾ ਖਾਤਮਾ, ਖਾਦੀ ਨੂੰ ਹੱਲਾਸ਼ੇਰੀ, ਔਰਤਾਂ ਦਾ ਉਥਾਨ ਅਤੇ ਆਰਥਿਕ ਸਮਾਨਤਾ ਦੀ ਪੈਰਵੀ ਸ਼ਾਮਿਲ ਸਨ।

ਅਹਿਮ ਗੱਲ ਇਹ ਸੀ ਕਿ ਪ੍ਰੋਗਰਾਮ ਦਾ ਪਹਿਲਾ ਤੱਤ ਫਿਰਕੂ ਸਦਭਾਵਨਾ ਸੀ। ਗਾਂਧੀ ਨੇ ਲਿਖਿਆ ਕਿ 'ਫ਼ਿਰਕੂ ਏਕਤਾ ਹਾਸਿਲ ਕਰਨ ਲਈ ਪਹਿਲੀ ਜ਼ਰੂਰੀ ਚੀਜ਼ ਇਹ ਹੈ ਕਿ ਹਰੇਕ ਕਾਂਗਰਸੀ ਭਾਵੇਂ ਉਸ ਦਾ ਕੋਈ ਵੀ ਧਰਮ ਹੋਵੇ ਉਹ ਨਿੱਜੀ ਤੌਰ 'ਤੇ ਹਿੰਦੂ, ਮੁਸਲਿਮ, ਇਸਾਈ, ਪਾਰਸੀ, ਯਹੂਦੀ ਆਦਿ ਸੰਖੇਪ ਵਿੱਚ ਹਰੇਕ ਹਿੰਦੂ ਤੇ ਗ਼ੈਰ-ਹਿੰਦੂ ਦੀ ਨੁਮਾਇੰਦਗੀ ਕਰੇ। ਉਸ ਨੂੰ ਹਿੰਦੋਸਤਾਨ ਦੇ ਕਰੋੜਾਂ ਲੋਕਾਂ 'ਚੋਂ ਹਰੇਕ ਨਾਲ ਇਕਮਿਕ ਹੋਣ ਦਾ ਅਹਿਸਾਸ ਹੋਣਾ ਜ਼ਰੂਰੀ ਹੈ। ਇਹ ਅਹਿਸਾਸ ਜਗਾਉਣ ਲਈ ਹਰੇਕ ਕਾਂਗਰਸੀ ਆਪਣੇ ਧਰਮ ਤੋਂ ਜੁਦਾ ਹੋਰਨਾਂ ਧਰਮਾਂ ਦੇ ਲੋਕਾਂ ਨਾਲ ਨਿੱਜੀ ਦੋਸਤੀਆਂ ਪਾਉਣ ਦੀ ਲੋੜ ਹੋਵੇਗੀ। ਉਸ ਨੂੰ ਹੋਰਨਾਂ ਧਰਮਾਂ ਪ੍ਰਤੀ ਉਹੋ ਜਿਹਾ ਭਾਵ ਰੱਖਣਾ ਪਵੇਗਾ ਜੋ ਆਪਣੇ ਧਰਮ ਲਈ ਰੱਖਦਾ ਹੈ।

ਇਹ ਅਸੂਲ ਗਾਂਧੀ ਨੇ ਖ਼ੁਦ ਘੜਿਆ ਸੀ। ਗਾਂਧੀ ਗ਼ੈਰ-ਹਿੰਦੂ ਕਰੀਬੀ ਦੋਸਤਾਂ ਅਤੇ ਸਾਥੀਆਂ ਦੀ ਇੱਕ ਬਹੁਤ ਹੀ ਅੰਸ਼ਕ ਜਿਹੀ ਸੂਚੀ ਇਸ ਪ੍ਰਕਾਰ ਹੈ: ਮੁਸਲਿਮ ਅਬਦੁਲ ਕਾਦਿਰ ਬਾਵਾਜ਼ੀਰ, ਏ.ਐਮ. ਕਚਾਲੀਆ, ਅਬੁਲ ਕਲਾਮ ਆਜ਼ਾਦ, ਜ਼ਾਕਿਰ ਹੁਸੈਨ, ਆਸਫ਼ ਅਲੀ ਅਤੇ ਰਾਇਹਾਨਾ ਤਈਅਬਜੀ; ਇਸਾਈ ਜੋਸੀਆ ਓਲਡਫੀਲਡ, ਜੋਸਫ ਡੋਕ, ਸੀ. ਐਫ. ਐਂਡ੍ਰਿਊਜ਼, ਜੇ. ਸੀ. ਕੁਮਾਰੱਪਾ, ਮੁਰੀਅਲ ਲੈਸਟਰ ਅਤੇ ਰਾਜਕੁਮਾਰੀ ਅੰਮ੍ਰਿਤ ਕੌਰ; ਪਾਰਸੀ ਦਾਦਾਭਾਈ ਨਾਰੋਜੀ, ਜੀਵਨਜੀ ਗੋਰਕੂਦੂ ਰੁਸਤਮਜੀ ਅਤੇ ਖੁਰਸ਼ੀਦ ਨਾਰੋਜੀ; ਯਹੂਦੀ ਹਰਮਨ ਕੈਲਨਬਾਖ, ਸੋਨੀਆ ਸਲੈਸਿਨ, ਹੈਨਰੀ ਪੋਲਕ ਅਤੇ ਐਲ ਡਬਲਯੂ ਰਿਚ; ਜੈਨ ਪ੍ਰਾਨਜੀਵਨ ਮਹਿਤਾ ਅਤੇ ਰਾਇਚੰਦ; ਨਾਸਤਿਕ ਜੀ ਰਾਮਚੰਦਰ ਰਾਓ (ਗੋਰਾ)।

ਇਸ ਲੰਮੀ-ਚੌੜੀ ਸੂਚੀ ਵਿੱਚ ਇੱਕ ਘਾਟ ਹੈ। ਸੰਭਵ ਹੈ ਕਿ ਪੰਜਾਬ ਨਾਲ ਉਨ੍ਹਾਂ ਦੇ ਸਰੋਕਾਰ ਘੱਟ ਸਨ, ਗਾਂਧੀ ਦਾ ਕੋਈ ਕਰੀਬੀ ਸਿੱਖ ਦੋਸਤ ਨਹੀਂ ਸੀ (ਭਾਵੇਂ ਅੰਮ੍ਰਿਤ ਕੌਰ ਦਾ ਪਰਿਵਾਰ ਮੂਲ ਰੂਪ 'ਚ ਸਿੱਖ ਸੀ)। ਫੇਰ ਵੀ ਇਹ ਇੱਕ ਨਿਗੂਣਾ ਜਿਹਾ ਔਗੁਣ ਸੀ, ਖ਼ਾਸ ਤੌਰ 'ਤੇ ਜਦੋਂ ਗਾਂਧੀ ਨੂੰ ਉਨ੍ਹਾਂ ਦੇ ਮਹਾਨ ਪੱਛਮੀ ਸਮਕਾਲੀਆਂ ਨਾਲ ਮਿਲਾ ਕੇ ਦੇਖਿਆ ਜਾਵੇ ਚਰਚਿਲ, ਰੂਜ਼ਵੈਲਟ, ਡੀ ਗੱਲ ਆਦਿ, ਜਿਨ੍ਹਾਂ ਦੇ ਮਿੱਤਰ ਜੇਕਰ ਸਾਰੇ ਨਹੀਂ ਤਾਂ ਬਹੁਤੇ ਉਨ੍ਹਾਂ ਦੇ ਆਪਣੇ ਇਸਾਈ ਮਤ ਵਿੱਚੋਂ ਹੀ ਸਨ।

ਪਹਿਲੀ ਨਜ਼ਰੇ ਜਾਪਦਾ ਹੈ ਕਿ ਗਾਂਧੀ ਧਾਰਮਿਕ ਬਹੁਵਾਦ ਦੇ ਆਪਣੇ ਟੀਚੇ ਦੀ ਪੂਰਤੀ ਵਿੱਚ ਨਾਕਾਮ ਹੋ ਗਏ। ਇਸ ਨੇ ਇੱਕ ਇਸਲਾਮਿਕ ਮੁਲਕ- ਪਾਕਿਸਤਾਨ ਬਣਨ ਤੋਂ ਨਹੀਂ ਰੋਕਿਆ ਅਤੇ ਜਿਹੜਾ ਭਾਰਤ ਬਚਿਆ, ਉਸ ਵਿੱਚ ਉਸ (ਗਾਂਧੀ) ਦੇ ਸਿਆਸੀ ਜਾਂਨਸ਼ੀਨ ਜਵਾਹਰਲਾਲ ਨਹਿਰੂ ਨੇ ਜਿਹੜੀ ਅੰਤਰ- ਧਰਮ ਸਹਿਣਸ਼ੀਲਤਾ ਦੀ ਪ੍ਰਥਾ ਚਲਾਈ, ਉਹ ਲੰਮਾ ਸਮਾਂ ਪਹਿਲਾਂ ਰਾਖ ਦਾ ਢੇਰ ਹੋ ਗਈ। ਹਿੰਦੂਤਵ, ਜਿਹੜਾ ਹਿੰਦੂ ਪਾਕਿਸਤਾਨ ਬਣਾਉਣਾ ਚਾਹੁੰਦਾ ਹੈ, ਜੇ ਹਾਵੀ ਨਹੀਂ ਤਾਂ ਪ੍ਰਭਾਵੀ ਜ਼ਰੂਰ ਹੈ।

ਦੂਜੇ ਪਾਸੇ, ਇਹ ਸ਼ਾਇਦ ਗਾਂਧੀ ਦੀ ਪ੍ਰਤੱਖ ਹਾਰ ਹੀ ਹੈ ਜੋ ਉਸ ਦੀ ਵਿਰਾਸਤ ਦੇ ਨਵੀਨੀਕਰਨ ਨੂੰ ਭਾਰਤ ਤੇ ਭਾਰਤੀਆਂ ਲਈ ਹੋਰ ਜ਼ਿਆਦਾ ਲਾਜ਼ਮੀ ਬਣਾ ਰਹੀ ਹੈ। ਇਸਲਾਮਿਕ ਬਹੁਗਿਣਤੀਵਾਦ ਦੇ ਦਾਅਵੇ ਨਾਲ ਪਾਕਿਸਤਾਨ ਦੇ ਲੋਕ ਜ਼ਿਆਦਾ ਖੁਸ਼ਹਾਲ ਜਾਂ ਸ਼ਾਂਤੀਪੂਰਨ ਨਹੀਂ ਬਣ ਸਕੇ। ਨਾ ਹੀ ਬੋਧੀ ਬਹੁਗਿਣਤੀਵਾਦ ਸ੍ਰੀਲੰਕਾ ਵਿੱਚ ਕੋਈ ਖ਼ੁਸ਼ੀ ਲਿਆ ਸਕਿਆ ਹੈ। ਇਸ ਲਈ ਸਿਆਸਤਦਾਨਾਂ ਦੇ ਨਾਲ-ਨਾਲ ਆਮ ਆਦਮੀ ਲਈ ਵੀ ਸ਼ਾਇਦ ਇਹ ਜ਼ਰੂਰੀ ਹੈ ਕਿ ਉਹ ਸਰਹੱਦਾਂ ਦੇ ਪਾਰ ਮਿੱਤਰਤਾ ਵਧਾਏ ਜੋ ਕਿ ਗਣਰਾਜ ਦੀ ਤੰਦਰੁਸਤੀ ਬਹਾਲ ਕਰਨ ਵੱਲ ਪਹਿਲਾ ਕਦਮ ਹੋ ਸਕਦਾ ਹੈ।

**ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ**

# ਬਾਬਾ ਬੁੱਢਾ ਸਿੰਘ ਵਾਂ



– ਸੁਵਰਨ ਸਿੰਘ ਵਿਰਕ
99963–71716

ਇਹ ਲੈਕਚਰ 23 ਦਸੰਬਰ 2024 ਜਪੁ ਪ੍ਰਯੋਗ ਦੌਰਾਨ ਸ. ਸੁਵਰਨ ਸਿੰਘ ਵਿਰਕ ਜੀ ਨੇ ਦਿੱਤਾ। -ਸੰਪਾਦਕ

ਸ੍ਰੀ ਸਤਿਗੁਰੂ ਦੀ ਪਾਵਨ ਹਜ਼ੂਰੀ ਵਿੱਚ ਹੋ ਰਹੇ ਅੱਸੂ ਦੇ ਜਪ ਪ੍ਰਯੋਗ ਵਿੱਚ ਭਾਗ ਲੈ ਰਹੀਆਂ ਸਮੂਹ ਨਾਮਧਾਰੀ ਸੰਗਤਾਂ, ਅੱਜ ਮੈਂ ਆਪ ਜੀ ਦੇ ਸਨਮੁੱਖ ਬਾਬਾ ਬੁੱਢਾ ਸਿੰਘ ਜੀ ਵਾਂ ਵਾਲੇ, ਉਹਨਾਂ ਦੇ ਜੀਵਨ ਚਰਿੱਤਰ ਨਾਲ ਸੰਬੰਧਿਤ ਕੁਝ ਸਾਖੀਆਂ, ਪ੍ਰਸੰਗ ਸਾਂਝੇ ਕਰਾਂਗਾ। ਆਪ ਜੀ ਲਗਾਤਾਰ ਇੱਥੇ ਭਜਨ ਬੰਦਗੀ, ਕਥਾ-ਕੀਰਤਨ ਦਾ ਲਾਹਾ ਖੱਟ ਰਹੇ ਹੋ।

**ਸਰਬ ਧਰਮ ਮਹਿ ਸ੍ਰੇਸ਼ਟ ਧਰਮ**
**ਹਰਿ ਕੋ ਨਾਮ ਜਪ ਨਿਰਮਲ ਕਰਮ**

ਮਾਝੇ ਵਿੱਚ ਵਾਂ ਨਾਂ ਦੇ ਕਈ ਪਿੰਡ ਹਨ। ਇੱਕ ਵਾਂ ਭਾਈ ਤਾਰਾ ਸਿੰਘ ਦੀ ਵਾਂ ਹੈ। ਭਾਈ ਤਾਰਾ ਸਿੰਘ 18ਵੀਂ ਸਦੀ ਦੇ ਇੱਕ ਸਿੱਖ ਸੂਰਬੀਰ ਸਨ। ਜਦੋਂ ਮੁਗਲ ਹਾਕਮਾਂ ਵੱਲੋਂ ਸਿੱਖਾਂ ਦੇ ਸਿਰਾਂ ਤੇ ਮੁੱਲ ਰੱਖੇ ਗਏ, ਸਖਤੀਆਂ ਦੇ ਝੱਖੜ ਝੁੱਲੇ ਸਨ ਤਾਂ ਭਾਈ ਤਾਰਾ ਸਿੰਘ ਜੀ ਬੜੀ ਸੂਰਮਗਤੀ ਨਾਲ ਲੜਦਿਆਂ ਉਹਨਾਂ ਫੌਜਾਂ ਦਾ ਟਾਕਰਾ ਕਰਦਿਆਂ ਵੀਰ ਗਤੀ ਪ੍ਰਾਪਤ ਕਰ ਗਏ ਸਨ। ਇੱਕ ਇਹ ਸਾਖੀ ਵੀ ਉਸ ਵੇਲੇ ਦੇ ਇਤਿਹਾਸ ਵਿੱਚ ਪ੍ਰਸਿੱਧ ਹੈ ਕਿ ਮੋਮਨ ਖਾਂ ਨਾਂ ਦਾ ਇੱਕ ਮੁਗਲਾਂ ਦਾ ਜਰਨੈਲ ਜਦੋਂ ਭਾਈ ਸਾਹਿਬ ਦੇ ਸਾਹਮਣੇ ਆਇਆ ਤਾਂ ਉਹ ਸਿਰ ਤੋਂ ਪੈਰਾਂ ਤੱਕ ਲੋਹੇ ਚ ਮੜ੍ਹਿਆ ਹੋਇਆ ਸੀ, ਸੰਜੋ ਇਸ ਤਰ੍ਹਾਂ ਦੇ ਜਰਾ ਬੱਖਤਰ ਉਹਨੇ ਪਹਿਨੇ ਹੋਏ ਸਨ ਭਾਈ ਸਾਹਿਬ ਨੇ ਉਹਦੇ ਮੂੰਹ ਦਾ ਨਿਸ਼ਾਨਾ ਲੈ ਕੇ ਬਰਛਾ ਮਾਰਿਆ ਔਰ ਮੂੰਹ ਦੇ ਵਿੱਚੋਂ ਖੂਨ ਦੇ ਫੁਹਾਰੇ ਟੁੱਟੇ ਉਹ ਜਦੋਂ ਵਾਪਸ ਭੱਜ ਕੇ ਗਿਆ ਤਾਂ ਇੱਕ ਦੂਜਾ ਉਹਨਾਂ ਦਾ ਫੌਜਦਾਰ ਤਕੀ ਬੇਗ, ਓਹਨੇ ਵਿਅੰਗ ਦੇ ਤੌਰ ਤੇ ਕਿਹਾ ਕਿ "ਖਾਨ ਸਾਹਿਬ ਪਾਨ ਚਬਾ ਰਹੇ ਹੋ?" ਉਹਦਾ ਜਵਾਬ ਸੀ "ਹਾਂ ਮੈਂ ਚਬਾ ਰਿਹਾ ਹਾਂ ਤੇ ਤੁਸੀਂ ਵੀ ਜਰਾ ਅੱਗੇ ਵਧੋ ਭਾਈ ਤਾਰਾ ਸਿੰਘ ਪਾਨਾਂ ਦੇ ਬੀੜੇ ਵੰਡ ਰਿਹਾ ਹੈ ਤੇ ਤੁਹਾਡਾ ਹਿੱਸਾ ਵੀ ਉਹਦੇ ਕੋਲ ਸੁਰੱਖਿਤ ਪਿਆ ਜਾ ਕੇ ਵਸੂਲ ਸਕਦੇ ਹੋ।" ਉਹ ਵਾਂ ਤਾਰਾ ਸਿੰਘ ਦੀ ਵਾਂ ਇਹ ਜਿਸ ਵਾਂ ਦਾ ਮੈਂ ਜ਼ਿਕਰ ਕਰਨ ਲੱਗਾਂ ਇਹਨੂੰ ਬਾਹਰੇ ਦੀ ਵਾਂ ਵੀ ਕਹਿੰਦੇ ਸੀ ਜਦੋਂ ਭਾਈ ਬੁੱਢਾ ਸਿੰਘ ਜੀ ਨਾਮਧਾਰੀ ਸੰਗਤ ਵਿੱਚ ਤੇ ਆਲੇ ਦੁਆਲੇ ਵਿੱਚ ਨਾਮ ਬਾਣੀ ਭਜਨ ਬੰਦਗੀ ਦੇ ਪ੍ਰਤਾਪ ਨਾਲ ਪ੍ਰਸਿੱਧ ਹੋਏ ਤਾਂ ਫਿਰ ਇਹਨੂੰ ਬਾਬੇ ਦੀ ਵਾਂ ਆਖਿਆ ਜਾਣ ਲੱਗਾ ਔਰ ਬੁੱਢਾ ਸਿੰਘ ਦੀ ਵਾਂ ਕਹਿ ਕੇ ਵੀ ਇਹਨੂੰ ਯਾਦ ਕੀਤਾ ਜਾਣ ਲੱਗਾ। ਇਹ ਤਰਨ ਤਾਰਨ ਸਾਹਿਬ ਤੋਂ ਚਾਰ ਪੰਜ ਕੋਹ ਦੇ ਫਾਸਲੇ ਤੇ ਇਹ ਥਾਣਾ ਸਰਹਾਲੀ ਦੇ ਕੁਝ ਪਿੰਡ ਨੇ ਕੂਕਿਆਂ ਦੇ ਜਿਹੜੇ ਬੜੇ ਵਿਖਿਆਤ ਨੇ ਜਿਸ ਤਰਾਂ ਸਰਆਲੀ ਤੇ ਬਾਬਾ ਸ਼ਾਮ ਸਿੰਘ ਜੀ ਨੇ ਜਿਊਣ ਸਿੰਘ ਜੀ ਨੇ ਸੰਤ ਮੀਹਾਂ ਸਿੰਘ ਜੀ ਨੇ ਸੰਤ ਕਿਸ਼ਨ ਸਿੰਘ ਜੀ ਨੇ, ਬੁਰਜ ਰਾਏ ਕੇ ਵਿੱਚ ਭਾਈ ਕਾਹਨ ਸਿੰਘ ਜੀ ਨੇ ਇਸ ਤਰ੍ਹਾਂ ਹੀ ਉਗੋਕੇ ਪਿੰਡ ਹੈ ਉੱਥੇ ਬਹਾਦਰ ਸਿੰਘ ਨੇ ਇਧਰ ਨੇੜੇ ਹੀ ਪੈ ਜਾਂਦਾ, ਫਿਰ ਮਰਹਾਣਾ ਜਿੱਥੇ ਸੰਤ ਸੂਰਮੇ ਭਗਵਾਨ ਸਿੰਘ ਅੜਬੰਗੀ ਨੇ ਸੋ ਇਹ ਸਾਰਾ ਇਲਾਕਾ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਨਾਮਧਾਰੀ ਸਿੱਖੀ ਦਾ ਬੜਾ ਮਜਬੂਤ ਗੜ੍ਹ ਬਣਿਆ। ਔਰ ਬੁੱਢਾ ਸਿੰਘ ਹੋਰਾਂ ਦੇ ਨਾਮਧਾਰੀ ਬਣਨ ਦਾ ਪ੍ਰਸੰਗ ਇਸ ਤਰਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਉਪਦੇਸ਼ ਵਿੱਚ ਆਉਂਦਾ ਕਿ ਬਾਬਾ ਜੀ ਆਪਣਾ ਬੋਹਲ ਤੋਲ ਰਹੇ ਸਨ ਜੋੜਾ ਲਾ ਕੇ ਪਾਸੇ ਰੱਖਿਆ। ਉਹ ਅੰਨ ਦੀ ਸਿਫਤ ਕਰਦੇ ਨੇ ਸਤਿਗੁਰੂ ਜੀ ਉੱਥੇ ਕੁਝ

**ਜਪੀਐ ਅੰਨ ਜਪੀਐ ਗੋਪਾਲ**
**ਅਮਨ ਬਿਨਾ ਨ ਹੋਇ ਸੁਕਾਲ**

ਕਿ ਆਪਣੇ ਉਪਦੇਸ਼ ਵਿੱਚ ਸਤਿਗੁਰੂ ਜੀ ਫਰਮਾਉਂਦੇ ਨੇ ਕਿ ਵਿਸ਼ਨੂੰ ਭਗਵਾਨ ਦੀ ਹਜ਼ੂਰੀ ਵਿੱਚ ਵੀ ਜਦੋਂ ਪਰਸ਼ਾਦਾ ਪਾਣੀ ਜਾਂ ਲੰਗਰ ਆਉਂਦਾ ਸੀ ਤਾਂ ਉਹ ਖੜੇ ਹੋ ਜਾਂਦੇ ਸਨ। ਬਾਕੀ ਦੇਵਤੇ ਇਸ ਗੱਲ ਤੇ ਥੋੜਾ ਈਰਖਾ ਕਰਨ ਲੱਗੇ ਤਾਂ ਭਗਵਾਨ ਨੇ ਉਹਨਾਂ ਦੇ ਅੰਨ ਦੇਵਤੇ ਨੂੰ ਕਿਹਾ ਕਿ ਤੁਸੀਂ ਥੋੜੇ ਦਿਨ ਦੋ ਚਾਰ ਦਿਨ ਸੱਜੇ ਖੱਬੇ ਹੋ ਜਾਓ ਗੈਰ ਹਾਜ਼ਰ ਹੋ ਜਾਓ ਜਦੋਂ ਦੋ ਤਿੰਨ ਦਿਨ ਤੱਕ ਅੰਨ ਨਾ ਮਿਲਿਆ ਤਾਂ ਫਿਰ ਸਾਰਿਆਂ ਦਾ ਹੀ ਬੁਰਾ ਹਾਲ ਹੋ ਗਿਆ ਤੇ ਭਗਵਾਨ

ਨੇ ਇਹ ਸਾਬਤ ਕੀਤਾ ਕਿ ਇਸ ਅਨਾਜ ਦਾ ਅਦਬ ਕਰਨਾ। ਜਿਹੜਾ ਇਹ ਨਾਮਧਾਰੀ ਸਿੰਘਾਂ ਵਿੱਚ ਮਰਿਆਦਾ ਹੈ ਕੜਾਹ ਪ੍ਰਸ਼ਾਦ ਜਦੋਂ ਆਉਂਦਾ ਤਾਂ ਸੰਗਤ ਉੱਠ ਕੇ ਉਹਦਾ ਅਦਬ ਕਰਦੀ ਏ ਇਹ ਉਸ ਅੰਨ ਦਾ ਅਨਾਜ ਦਾ ਇਹ ਉਹਦੀ ਮਹਿਮਾ ਜਿਹਦੇ ਬਾਰੇ ਕਬੀਰ ਸਾਹਿਬ ਨੇ ਵੀ ਆਪਣੀ ਬਾਣੀ ਵਿੱਚ ਬਹੁਤ ਕੁਝ ਫਰਮਾਇਆ ਹੈ। ਤਾਂ ਬਾਬਾ ਜੀ ਜਦੋਂ ਆਪਣਾ ਬੋਹਲ ਤੋਲ ਰਹੇ ਨੇ ਜੋੜਾ ਲਾ ਕੇ ਜੋੜਾ ਉਹਨਾਂ ਦਾ ਪਾਸੇ ਵੇ ਤਾਂ ਸਾਹਮਣੇ ਇੱਕ ਵਰੋਲਾ ਦਿਸਦਾ, ਉਹ ਅੱਗ ਦਾ ਵਰੋਲਾ ਹੈ। ਔਰ ਉਸ ਵਰੋਲੇ ਦੇ ਵਿੱਚੋਂ ਇੱਕ ਬੋਲਾ ਉਹਨਾਂ ਨੂੰ ਸੁਣਾਈ ਦਿੰਦਾ ਕਿ ਮੇਰਾ ਨਾਂ ਰਾਮ ਸਿੰਘ ਹੈ ਮੈਨੂੰ ਮਿਲਣਾ ਹੈ ਤਾਂ ਲੁਧਿਆਣੇ ਦੇ ਨੇੜੇ 9- 10 ਕੋਹ ਤੇ ਭੈਣੀ ਨਾਮ ਦਾ ਪਿੰਡ ਹੈ ਉੱਥੇ ਆ ਜਾ, ਔਰ ਉਹ ਵਰੋਲਾ ਚੱਲ ਪੈਂਦਾ ਬਾਬਾ ਜੀ ਕਿਸੇ ਅਗੰਮੀ ਖਿੱਚ ਦੇ ਬੱਝੇ ਹੋਏ ਉਸੇ ਵਰੋਲੇ ਦੇ ਪਿੱਛੇ-ਪਿੱਛੇ ਚਲ ਪੈਂਦੇ ਹਨ।

ਰਸਤੇ 'ਚ ਦੋ ਦਰਿਆ ਆਉਂਦੇ ਨੇ ਬਿਆਸਾ ਤੇ ਸਤਲੁਜ। ਦੋਵੇਂ ਦਰਿਆ ਕਦੋਂ ਲੰਘੇ ਉਹਨਾਂ ਨੂੰ ਨਹੀਂ ਪਤਾ ਲੱਗਾ, ਅਤੇ ਉਹ ਵਰੋਲਾ ਲੈ ਕੇ ਬਾਬਾ ਜੀ ਨੂੰ ਹੀਰਾਂ ਜੋ ਭੈਣੀ ਸਾਹਿਬ ਦੇ ਨੇੜੇ ਨਗਰ ਹੈ, ਇੱਥੇ ਹੀਰਾਂ ਤੱਕ ਉਹ ਵਰੋਲਾ ਆਉਂਦਾ ਅਤੇ ਇੱਥੇ ਖਤਮ ਹੋ ਜਾਂਦਾ। ਇੱਥੇ ਆ ਕੇ ਉਹ ਪੁੱਛਦੇ ਨੇ ਵੀ ਇੱਥੇ ਕੋਈ ਭੈਣੀ ਪਿੰਡ ਹੈ? ਜਿਹੜੇ ਆਲੇ-ਦੁਆਲੇ ਖਲੋਤੇ ਨੇ ਉਹਨਾਂ ਕਿਹਾ ਉਹ ਸਾਹਮਣੇ ਤਾਂ ਭੈਣੀ ਦਿਸਦਾ, ਉਹ ਭੈਣੀ ਪਿੰਡ ਹੈ। ਫਿਰ ਜਦੋਂ ਭੈਣੀ ਪਿੰਡ ਦੇ ਨੇੜੇ ਜਦੋਂ ਅਪੜਦੇ ਨੇ ਤਾਂ ਅੱਗੋਂ ਸਤਿਗੁਰੂ ਜੀ ਦੇ ਦਰਸ਼ਨ ਹੁੰਦੇ ਨੇ ਪਰ ਬਾਬਾ ਜੀ ਉਹਨਾਂ ਨੂੰ ਜਾਣਦੇ ਨਹੀਂ ਵੀ ਇਹ ਮੂਰਤੀ ਹੀ ਹੈ। ਜਿਹਦੀ ਭਾਲ ਵਿੱਚ ਮੈਂ ਇੱਥੇ ਆਇਆਂ। ਉਹਨਾਂ ਨੂੰ ਪੁੱਛਦੇ ਨੇ ਜੀ ਇੱਥੇ ਕੋਈ ਰਾਮ ਸਿੰਘ ਹੈ ਤਾਂ ਪਿੰਡ ਦੇ ਵਿੱਚ ਇੱਕ ਜਿਮੀਦਾਰਾਂ ਦਾ ਘਰ ਹੈ ਜਿਹਦਾ ਨਾਂ ਰਾਮ ਸਿੰਘ ਹੈ। ਸਤਿਗੁਰੂ ਜੀ ਕਹਿੰਦੇ ਹਾਂ ਭਾਈ ਇੱਥੇ ਰਾਮ ਸਿੰਘ ਜਿਮੀਦਾਰ ਹੈ। ਉਹ ਬਾਬਾ ਬੁੱਢਾ ਸਿੰਘ ਉਹਨਾਂ ਦੇ ਘਰ ਚਲੇ ਜਾਂਦੇ ਨੇ ਉੱਥੇ ਸੱਜੇ ਖੱਬੇ ਨਿਗਾਹ ਮਾਰਦੇ ਨੇ ਪਰ ਓਥੇ ਕੋਈ ਇਹੋ ਜਿਹੀ ਗੱਲ ਨਜ਼ਰ ਨਹੀਂ ਆਉਂਦੀ। ਜਿਹਦੇ ਤੇ ਖਿੱਚ ਦਾ ਕਾਰਨ ਹੋਵੇ। ਉਹ ਫਿਰ ਉਹਨੂੰ ਪੁੱਛਦੇ ਨੇ ਵੀ ਕੋਈ ਹੋਰ ਰਾਮ ਸਿੰਘ ਇੱਥੇ ਭੈਣੀ ਵਿੱਚ ਹੈ? ਉਹ ਅੱਗੋਂ ਆਪਣੀ ਮੱਤ ਮੁਤਾਬਿਕ ਜਿੰਨੀ ਕੁ ਉਹਦੀ ਬੁੱਧ ਸੀ ਉਹ ਕਹਿੰਦਾ ਹਾਂ ਹੈ ਇੱਕ ਕਮਲਾ ਜਾ ਤਰਖਾਣ ਇਥੇ ਰਾਮ ਸਿੰਘ ਨਾਂ ਦਾ ਉਹ ਬੈਠਾ ਬੰਦਗੀ ਕਰਦਾ ਹੋਏਗਾ। ਸਤਿਗੁਰੂ ਪ੍ਰਤਾਪ ਸਿੰਘ ਜੀ ਫਰਮਾਉਂਦੇ ਨੇ ਆਪਣੇ ਉਪਦੇਸ਼ ਵਿੱਚ ਕਿ ਇਹ ਕਮਲ ਤਾਂ ਸਾਨੂੰ ਮੁੱਢ ਤੋਂ ਗੁਰੂ ਨਾਨਕ ਪਾਤਸ਼ਾਹ ਤੋਂ ਸਾਡੇ ਹਿੱਸੇ ਆਇਆ।

ਕੋ ਆਖਿਆ ਭੂਤਨਾ ਕੋ ਕਹੈ ਬੇਤਾਲਾ
ਕੋਈ ਆਖੈ ਆਦਮੀ ਨਾਨਕ ਵੇਚਾਰਾ
ਭਇਆ ਦੀਵਾਨਾ ਸਾਹ ਕਾ ਨਾਨਕ ਬਉਰਾਨਾ

ਉਸ ਰਸਤੇ ਤੇ ਚੱਲਣ ਵਾਲਿਆਂ ਨੂੰ ਦੁਨੀਆਂਦਾਰਾਂ ਦੀਆਂ ਨਜ਼ਰਾਂ ਜਿਹੜੀਆਂ ਨੇ ਉਹ ਇਸੇ ਰੂਪ ਵਿੱਚ ਵੇਖਿਆ ਕਰਦੀਆਂ ਨੇ। ਸਤਿਗੁਰੂ ਰਾਮ ਸਿੰਘ ਜੀ ਉਸ ਵੇਲੇ ਸ੍ਰੀ ਭੈਣੀ ਸਾਹਿਬ ਤੋਂ ਦੱਖਣ ਪਾਸੇ ਇੱਕ ਛੱਪੜ ਜਿਹਦੇ ਆਲੇ ਦੁਆਲੇ ਰੁੱਖ ਸਨ। ਉਹਨਾਂ ਰੁੱਖਾਂ ਹੇਠਾਂ ਬੈਠੇ ਬੰਦਗੀ ਕਰ ਰਹੇ ਸਨ। ਬਾਬਾ ਜੀ ਨੇ ਲੱਭਦੇ-ਲੱਭਦੇ ਉੱਥੇ ਦਰਸ਼ਨ ਕੀਤਾ ਮਨ ਨੂੰ ਸ਼ਾਂਤੀ ਮਿਲੀ ਤ੍ਰਿਪਤੀ ਹੋਈ। ਇਹ ਹੀ ਉਹ ਟਿਕਾਣਾ ਹੈ, ਉਹ ਮੰਜ਼ਿਲ ਹੈ, ਉਹ ਨਿਸ਼ਾਨਾ ਹੈ, ਜਿਹਦੀ ਭਟਕਣ ਮਨ ਵਿੱਚ ਸੀ ਅਤੇ ਜਿਹਦੇ ਦਰਸ਼ਨਾਂ ਲਈ ਇੱਥੇ ਆਇਆ ਅਤੇ ਨਾਮ ਦੀ ਦਾਤ ਲਈ ਤੇ ਫਿਰ ਹੌਲੀ-ਹੌਲੀ ਵਾਪਸ ਆਪਣੇ ਇਲਾਕੇ ਵਿੱਚ ਆ ਜਾਂਦੇ ਨੇ। ਇੱਕ ਦਿਨ ਦਾ ਫੇਰ ਇਸ ਤਰ੍ਹਾਂ ਦਾ ਪ੍ਰਸੰਗ ਵਾਪਰਦਾ ਇਹ ਆਵਾਜ਼ਾ ਹੁੰਦਾ ਹੈ ਕਿ ਬੁੱਢਾ ਸਿੰਘ ਤੈਨੂੰ ਬਖਸ਼ਿਆ। ਬੁੱਢਾ ਸਿੰਘ ਅੱਗੋਂ ਜਵਾਬ ਦਿੰਦਾ ਤੇਰਾ ਕੋਈ ਇਤਬਾਰ ਨਹੀਂ। ਤੂੰ ਬੜੀ ਵਾਰ ਬਖਸ਼ਦੈਂ ਤੇ ਬੜੀ ਵਾਰ ਆਪਣੀ ਬਖਸ਼ਿਸ਼ ਤੋਂ ਫਿਰ ਵਿਰਵਿਆਂ ਵੀ ਕਰ ਦੇਣ ਲੱਗੇ ਕੋਈ ਚਿਰ ਨਹੀਂ ਲਾਉਂਦਾ। ਸੋ ਭਾਈ ਮੈਨੂੰ ਤੇਰਾ ਕੋਈ ਇਤਬਾਰ ਨਹੀਂ। ਅੱਗੋਂ ਫਿਰ ਅਵਾਜ਼ਾ ਹੁੰਦਾ ਜੇ ਸਤਿਗੁਰੂ ਰਾਮ ਸਿੰਘ ਕਹਿ ਦੇਣ ਤਾਂ? ਉਹ ਕਹਿੰਦਾ ਫੇਰ ਮੰਨਾਗਾ ਫੇਰ ਮਸਤੀ ਦਾ ਆਲਮ ਤਾਰੀ ਹੋ ਗਿਆ ਅਤੇ ਉਸੇ ਮਸਤੀ ਦੇ ਵਿੱਚ ਬਾਬਾ ਜੀ ਫਿਰ ਚੱਲ ਪੈਂਦੇ ਨੇ ਫਿਰ ਭੈਣੀ ਸਾਹਿਬ ਅਪੜਦੇ ਨੇ।

ਬਾਬਾ ਬੁੱਢਾ ਸਿੰਘ ਦਾ ਜਨਮ 1820 ਈ. ਦੇ ਨੇੜੇ ਦਾ ਹੈ। ਕੂਕੇ ਬਣਨ ਦਾ ਇਹ ਪ੍ਰਸੰਗ 1860-61 ਜਦੋਂ ਸਤਿਗੁਰੂ ਜੀ ਸੰਤ ਖਾਲਸੇ ਦਾ ਪ੍ਰਕਾਸ਼ ਕਰਦੇ ਨੇ ਇਹ ਮੁੱਢਲੇ ਦਿਨਾਂ ਦੇ ਵਿੱਚ ਹੀ ਬਾਬਾ ਬੁੱਢਾ ਸਿੰਘ ਜੀ ਆਪ ਜੀ ਦੀ ਸੰਗਤ ਵਿੱਚ ਆ ਜਾਂਦੇ ਨੇ ਤਾਂ ਜਦੋਂ ਦੁਬਾਰਾ ਬਾਬਾ ਜੀ ਫਿਰ ਭੈਣੀ ਸਾਹਿਬ ਆਉਂਦੇ ਨੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਦਰਜ ਹੈ ਕਿ ਹੁਣ ਤਾਂ ਦਰਵਾਜ਼ਾ ਵੱਡਾ ਹੈ ਪਹਿਲਾਂ ਇਹ ਦਰਵਾਜ਼ਾ ਛੋਟਾ ਸੀ। ਉਹਦੀ ਜਿਹੜੀ ਚੁਗਾਠ ਸੀ ਉਹਨੂੰ ਇਸ ਤਰ੍ਹਾਂ ਹੱਥ ਪਾ ਕੇ ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਉਥੇ ਖਲੋਤੇ ਨੇ। ਬਾਬਾ ਬੁੱਢਾ ਸਿੰਘ ਜੀ ਜਾ ਕੇ ਚਰਨਾਂ ਵੱਲ ਮੱਥਾ ਟੇਕਣ ਲਈ ਵੱਧਦੇ ਨੇ ਤਾਂ ਹੁਕਮ ਅਵਾਜ਼ਾ

ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਬੁੱਢਾ ਸਿੰਘ ਤੈਨੂੰ ਬਖਸ਼ਿਆ। ਖੁਸ਼ੀਆਂ ਹੋ ਗਈਆਂ ਹੁਣ ਸਤਿਗੁਰੂ ਜਾਣੀ ਜਾਣ ਨੇ। ਉਹਨਾਂ ਨੂੰ ਇਸ ਗੱਲ ਦਾ ਸਾਰਾ ਪਤਾ ਹੈ ਕੀ ਵਾਪਰਨਾ ਹੈ ਕਦੋਂ ਕੀ ਹੋਣਾ ਪਰ ਉਹ ਮਾਣ ਆਪਣੇ ਸਿੱਖ ਨੂੰ ਦੇਣ ਵਾਸਤੇ ਉਹ ਕਹਿੰਦੇ ਬੁੱਢਾ ਸਿੰਘ ਤੈਨੂੰ ਤਾਂ ਦੱਸ ਦਿੱਤਾ ਹੁਣ ਕੁਝ ਸਾਡੇ ਬਾਰੇ ਵੀ ਦੱਸ ਸਾਡਾ ਅਗਲਾ ਸਮਾਂ, ਤਾਂ ਉੱਥੇ ਬੁੱਢਾ ਸਿੰਘ ਹੋਣੀ ਬਚਨ ਕਰਦੇ ਨੇ ਕਿ ਹੁਣ ਤੁਹਾਨੂੰ ਮਿਸ਼ਰੀ ਦੀਆਂ ਸ਼ਰਦਾਈਆਂ ਪੀਣੀਆਂ ਨਹੀਂ ਮਿਲਣੀਆਂ।

ਪਰਦੇਸ ਜਾਣਾ ਪਵੇਗਾ। ਇਹ ਅਗੰਮੀ ਬਚਨ ਆਪਾ ਬੁੱਢਾ ਸਿੰਘ ਜੀ ਨੇ ਉਸ ਵੇਲੇ ਕੀਤਾ ਅਤੇ ਇਸ ਤੋਂ ਬਾਅਦ ਜਦੋਂ ਸਤਿਗੁਰੂ ਜੀ ਉਸ ਅਵਸਥਾ ਵਿੱਚ ਰੰਗੂਨ ਚਲੇ ਜਾਂਦੇ ਨੇ ਪਿੱਛੇ ਨਾਮਧਾਰੀ ਸੰਗਤ ਨੂੰ ਹੁਕਮ ਆਉਂਦਾ ਹੈ ਕਿ ਜਪ ਤਪ ਉਹਨਾਂ ਨਮਿੱਤ ਵੱਧ ਤੋਂ ਵੱਧ ਹੋਵੇ। ਬਾਬਾ ਜੀ ਆਪ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਾਠ ਕਰਦੇ ਨੇ, ਇਸ ਤਰ੍ਹਾਂ ਭਜਨ ਬੰਦਗੀ ਵਿੱਚ ਜੁੜ ਜਾਂਦੇ ਨੇ ਅਤੇ ਸਾਧੂਆਂ ਨੂੰ ਲਗਾਤਾਰ ਇਕੱਠੇ ਕਰਕੇ ਆਲਿਓਂ-ਦੁਆਲਿਓਂ ਇਸ ਰੰਗ ਵਿੱਚ ਰੰਗੇ ਰਹਿੰਦੇ ਨੇ। ਵੱਡਾ ਜਿਹੜਾ ਉਹਨਾਂ ਦਾ ਪ੍ਰਸੰਗ ਹੈ ਉਹ ਇਹ ਵੇਖ ਕੇ 1882 ਈਸਵੀ ਵਿੱਚ ਸਵਾ ਲੱਖ ਪਾਠਾਂ ਦਾ ਹੈ। ਜਿਸ ਦਾ ਮੈਂ ਜ਼ਿਕਰ ਕੱਲ ਵੀ ਕੀਤਾ ਸੀ। ਬਾਬਾ ਕੇਸਰ ਸਿੰਘ ਜੀ ਦੇ ਉਹਨਾਂ ਦੇ ਪ੍ਰਸੰਗ ਵਿੱਚ ਕਿ ਸਵਾ ਲੱਖ ਜਪੁਜੀ ਸਾਹਿਬ ਦੇ ਪਾਠਾਂ ਦੀਆਂ ਵਰਨੀਆਂ ਬਾਹੋਵਾਲ ਜੀ ਦੇ ਮੁਤਾਬਿਕ, ਇਸ ਸਮੇਂ ਗੁਰੂ ਹਰੀ ਸਿੰਘ ਜੀ ਵੀ ਉੱਥੇ ਉਦੋਂ ਉਹਨਾਂ ਨੂੰ ਅਜੇ ਇਜਾਜ਼ਤ ਨਹੀਂ ਮਿਲੀ ਦਰਸ਼ਨ ਦੇਣ ਦੀ ਕਈ ਥਾਵਾਂ ਤੇ ਲਿਖਿਆ ਗੁਰੂ ਸਾਹਬ ਆਏ ਪਰ ਗੁਰੂ ਸਾਹਿਬ ਦਾ ਮਾਝੇ ਦਾ ਜਿਹੜਾ ਦੌਰਾ ਹੈ ਉਹ 1892 ਤੋਂ ਬਾਅਦ ਹੀ ਬਹੋਵਾਲ ਜੀ ਦੇ ਮੁਤਾਬਿਕ ਬਣਦਾ ਹੈ। ਹੋਰ ਮਾਝੇ ਦੀ ਸੰਗਤ ਤੋਂ ਉੱਥੇ ਬਹੁਤ ਸਾਰੀ ਇਕੱਠੀ ਹੋਈ ਅਤੇ ਉੱਥੇ ਉਹਨਾਂ ਨੇ ਲਿਖਿਆ ਕਿ ਅਯੋਗ ਵਾਰਤਾ ਹੋਈ। ਉਹ ਅਯੋਗ ਵਾਰਤਾ ਕੀ ਸੀ ਸੂਬਾ ਭਗਵਾਨ ਸਿੰਘ ਜੀ ਫਤਹਿਵਾਲ ਦੇ ਸਨ ਸਤਿਗੁਰੂ ਰਾਮ ਸਿੰਘ ਜੀ ਦੇ 22 ਸੂਬਿਆਂ ਵਿੱਚੋਂ ਇੱਕ ਜਵਾਨ ਉਮਰ 'ਚ ਹੀ ਸਨ ਜਦੋਂ ਸੂਬੇ ਥਾਪ ਦਿੱਤੇ ਗਏ। 1877 ਈ. 'ਚ ਨੈਣਾ ਸਿੰਘ ਜੀ ਵਰਿਆਮ ਵਾਲੇ ਤੇ ਸੂਬਾ ਭਗਵਾਨ ਸਿੰਘ ਜੀ ਫਤਹਿਵਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਰੰਗੂਨ ਜਾਂਦੇ ਨੇ ਔਰ ਇਹ 1882 'ਚ ਸੂਬਾ ਭਗਵਾਨ ਸਿੰਘ ਹੋਰਾਂ ਦਾ ਆਨੰਦ ਕਾਰਜ ਹੋਣਾ ਹੈ। ਉਹ ਵਾਂ ਪਿੰਡ ਦੇ ਵਿੱਚ ਹੀ ਜਦੋਂ ਜਪ ਪ੍ਰਯੋਗ ਦਾ ਭੋਗ ਪੈ ਗਿਆ ਤਾਂ ਉਸ ਵੇਲੇ ਪੰਜ ਰੁਪਏ ਦਾ ਕੜਾਹ ਪ੍ਰਸ਼ਾਦ ਕੀਤਾ ਗਿਆ ਤੇ ਇਸ ਤੋਂ ਅਗਲੇ ਦਿਨ ਜਦੋਂ ਭਗਵਾਨ ਸਿੰਘ ਹੋਰਾਂ ਦਾ ਓਥੇ ਅਨੰਦ ਕਾਰਜ ਉਸ ਦਿਨ 25 ਰੁਪਏ ਦਾ ਕੱਲਾ ਪ੍ਰਸ਼ਾਦ ਕੀਤਾ ਗਿਆ ਇਹ ਗੱਲ ਉਹਨਾਂ ਗੁਰੂ ਦੇ ਪਿਆਰਿਆਂ ਸਿੱਖਾਂ ਨੂੰ ਕਿ ਸਤਿਗੁਰੂ ਜੀ ਨਮਿੱਤ ਜਿਹੜੀ ਸਵਾ ਲੱਖ ਦੀ ਵਰਨੀ ਉਹਦੇ ਤੇ ਪੰਜ ਰੁਪਈਆਂ ਦਾ ਕੜਾਹ ਪ੍ਰਸ਼ਾਦ ਅਤੇ ਇਹ ਭਗਵਾਨ ਸਿੰਘ ਹੋਰਾਂ ਦੇ ਆਨੰਦ ਦਾ ਜਿਹੜਾ ਪ੍ਰੋਗਰਾਮ ਹੈ ਇਹਦੇ ਨੱਮਿਤ ਪੰਜੀਆਂ ਰੁਪਿਆਂ ਦਾ ਕੜਾਹ ਪ੍ਰਸ਼ਾਦ, ਇਹ ਗੱਲ ਸਿੰਘਾਂ ਨੂੰ ਚੰਗੀ ਨਾ ਲੱਗੀ। ਅਤੇ ਉਹ ਮਸਤਾਨੇ ਹੋ ਗਏ। ਕਿਸੇ ਨੇ ਅੰਮ੍ਰਿਤ ਦਾ ਬਾਟਾ ਵਗਾਹ ਮਾਰਿਆ, ਕਿਸੇ ਨੇ ਵੇਦੀ ਪੁੱਟ ਦਿੱਤੀ। ਕਿਸੇ ਕੋਈ ਬਾਬਾ ਬੁੱਢਾ ਸਿੰਘ ਵਰਗਾ ਉਹਨਾਂ ਦੋ ਚਾਰ ਧੌਲਾ ਵੀ ਕੱਢ ਮਾਰੀਆਂ ਭਗਵਾਨ ਸਿੰਘ ਹੋਰਾਂ ਨੂੰ। ਇਹ ਸਤਿਗੁਰਾਂ ਦਾ ਅਦਬ ਨਹੀਂ ਰਿਹਾ ਜਿਹੜਾ ਤੁਸੀਂ ਆਪਣੇ ਲਈ ਕੜਾਹ ਪ੍ਰਸ਼ਾਦ ਜਿਆਦਾ ਤਿਆਰ ਕਰ ਲਿਆ, ਉਹ ਹਾਲਤ ਇਹ ਬਣੀ ਕਿ ਭਗਵਾਨ ਸਿੰਘ ਹੋਰਾਂ ਨੂੰ ਰਾਤ ਦੇ ਸਮੇਂ ਤੇ ਫਿਰ ਉਹਨਾਂ ਮਸਤਾਨਿਆਂ ਤੋਂ ਪਾਸੇ ਜਾ ਕੇ ਆਪਣਾ ਆਨੰਦ ਕਾਰਜ ਕਰਵਾਉਣਾ ਪਿਆ।

ਇਸ ਤਰ੍ਹਾਂ ਦਾ ਸਿੱਖੀ ਸਿਦਕ ਸੀ, ਬੱਚਾ ਚਿਰ ਬਾਅਦ ਹੋਇਆ, ਸਤਿਗੁਰੂ ਹਰੀ ਸਿੰਘ ਜੀ ਨੂੰ ਅਰਜ ਕੀਤੀ ਫਿਰ ਬਾਬਾ ਜੀ ਦੇ ਘਰ ਬੱਚਾ ਪੈਦਾ ਹੋਇਆ। ਹਰਨਾਮ ਸਿੰਘ ਪੁੱਤਰ ਦਾ ਨਾਂ ਸੀ, ਕਈ ਵਾਰ ਮਸਤਾਨੀ ਬਿਰਤੀ ਐਸੀ ਹੁੰਦੀ ਕਿ ਜਦੋਂ ਲੰਗਰ ਸੰਗਤ ਦਾ ਹੁੰਦਾ ਜਾਂ ਕੜਾਹ ਪ੍ਰਸ਼ਾਦ ਹੁੰਦਾ ਤਾਂ ਉਹਨੂੰ ਬੱਚੇ ਨੂੰ ਚੁੱਕ ਕੇ ਚੁੱਲੇ ਤੇ ਸੁੱਟ ਦਿੰਦੇ। ਮਾਤਾ ਇੰਦੋ ਉਹਨਾਂ ਦੇ ਘਰਦੀ ਜਿਨਾਂ ਦਾ ਨਾਂ ਸੀ, ਉਹ ਆਉਂਦੇ ਬੱਚੇ ਨੂੰ ਫੜਦੇ, ਇਹਦਾ ਵਾਲ ਵਿੰਗਾ ਨਹੀਂ ਹੋਏਗਾ ਇੱਕ ਵਾਰ ਇੱਕ ਹੋਰ ਬੱਚੇ ਦੇ ਗੱਲ 'ਚ ਮਾਤਾ ਨੇ ਤਵੀਤ ਪਾ ਦਿੱਤਾ, ਕਾਹਦੇ ਲਈ ਪਾਇਆ ਇਹਦੀ ਉਮਰ ਲੰਮੀ ਹੋਏਗੀ। ਉਮਰ ਦਾ ਦਾਤਾ ਤਾਂ ਮੇਰਾ ਸਤਿਗੁਰੂ ਹੈ, ਤਵੀਤ ਉਮਰ ਨਹੀਂ ਦਿੰਦੇ, ਤਵੀਤ ਉਹਦੇ ਗਲੋਂ ਲਾਹ ਦਿੱਤਾ, ਇੱਕ ਦਿਨ ਇਸ ਤਰ੍ਹਾਂ ਹੀ ਬਾਬਾ ਜੀ ਦਾ ਪ੍ਰਸੰਗ ਆਉਂਦਾ ਹੈ ਕਿ ਉਹ ਕਿਤੇ ਪ੍ਰਸ਼ਾਦਾ ਛੱਕ ਰਹੇ ਸਨ ਕੁੱਤਾ ਆਇਆ ਉਹਨਾਂ ਨੇ ਥੋੜੀ ਇੱਟ ਟੁੱਟੀ ਹੋਈ ਉਹ ਚਲਾਈ ਕੁੱਤੇ ਨੂੰ ਵੱਜੀ ਇਹ ਕੁੱਤਾ ਮਰ ਗਿਆ। ਪਸ਼ਚਾਤਾਪ ਕਰਨ ਲੱਗਿਆਂ ਆਖਣ ਲੱਗੇ ਬੁੱਢਾ ਸਿੰਘ ਤੈਨੂੰ ਇਹਦਾ ਫਲ ਮਿਲੇਗਾ। ਬੇਦੋਸ਼ ਕੁੱਤਾ ਤੇਰੇ ਹੱਥੋਂ ਮਰਿਆ ਹੈ। ਸੱਤ ਦਿਨ ਬਾਅਦ ਬਾਬਾ ਜੀ ਦਾ ਇੱਕ ਲੜਕਾ ਸੀ ਓਹ ਚਲਾਣਾ ਕਰ ਗਿਆ। ਜਦੋਂ ਉਹ ਅੰਮ੍ਰਿਤਸਰ ਜਾਂਦੇ ਨੇ ਉੱਥੇ ਉਹਨਾਂ ਦਾ ਜੋੜਾ ਗਵਾਚ ਜਾਂਦਾ। ਨਾਲ ਦਿਆਂ ਨੇ ਆਖਿਆ ਜੀ ਹੋਰ ਜੋੜਾ ਬਣਾ ਲਈਏ।

**ਬਾਕੀ ਸਫ਼ਾ ਨੰ 28 'ਤੇ**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਅਚਾਨਕ ਸਤਿਗੁਰੂ ਜੀ ਦੇ ਫੋਨ ਦੀ ਬੱਤੀ ਲਾਲ ਹੋਈ ਤੇ ਆਵਾਜ ਆਈ- ਸਤਿਗੁਰੂ ਜੀ ਨੂੰ ਮੇਰੀ ਨਮਸਕਾਰ ਕਰਨੀ। ਸਤਿਨਾਮ ਸਿੰਘ ਮੁਕਤਾ ਸੰਤ ਨਗਰੋਂ ਬੋਲ ਰਿਹਾ ਸੀ। ਘੁੰਮਣ ਨੇ ਸਤਿਗੁਰੂ ਜੀ ਦਾ ਪ੍ਰੋਗਰਾਮ ਦੱਸਿਆ ਕਿ ਮਸਤਾਨਗੜ ਜਾ ਕੇ ਦੱਸ ਦਿਉ ਕਿ ਸਵੇਰੇ 9 ਵਜੇ ਤੱਕ ਪਹੁੰਚ ਹੋ ਜਾਏਗੀ। ਲੰਗਰ ਏਥੇ ਛਕਣਾ ਹੈ। ਮਹਾਰਾਜ ਜੀ ਤਾਂ ਬੈਂਗਲੋਰ ਹਨ। ਮੇਲਾ ਕਿਵੇਂ ਹੋਵੇਗਾ ਜੀਵਨ ਨਗਰ ਵਾਲਾ। ਅੱਗੋਂ ਜਵਾਬ ਆਇਆ ਕਿ ਮਹਾਰਾਜ ਜੀ ਬੀਬੀ ਜੀ ਨੂੰ ਕਹਿ ਗਏ ਹਨ ਕਿ ਉਹ ਪ੍ਰਬੰਧ ਕਰਨਗੇ। ਸਤਿਗੁਰੂ ਜੀ ਨੇ ਮੈਨੂੰ ਬਚਨ ਕੀਤਾ ਕਿ ਮੇਰਾ ਖਿਆਲ ਸੀ ਕਿ ਮਹਾਰਾਜ ਜੀ ਮੈਨੂੰ ਕਹਿ ਕੇ ਜਾਣਗੇ ਕਿ ਮੇਲਾ ਤੁਸਾਂ ਹੀ ਕਰਨਾ ਹੈ ਪਰ ਫੇਰ ਵੀ ਘਰ ਦੀ ਨੂੰਹ (ਬੀਬੀ) ਹੀ ਅੱਗੇ ਰੱਖੀ ਹੈ। ਇਸ ਗੱਲ ਤੋਂ ਵਿਹਲਿਆਂ ਹੋਇਆਂ ਹਰੀ ਸਿੰਘ (ਸਤਿਗੁਰੂ) ਅਤੇ ਕੂਕਾ ਲਹਿਰ ਬਾਰੇ ਐਂਟਰੀਆਂ ਉਪਰੋਕਤ ਸਭ ਨੇ ਸੁਣੀਆਂ ਅਤੇ ਇੱਕ ਦੋ ਭਰਮ ਪਾਂਦੇ ਫਿਰਕਿਆਂ ਨੂੰ ਠੀਕ ਕਰਕੇ ਪਰਵਾਨਗੀ ਦੇ ਦਿੱਤੀ। ਕਸੇਲ ਜੀ ਤੇ ਮੇਰੀ ਮਿਹਨਤ ਦੀ ਦਾਤ ਸ੍ਰੀ ਸਤਿਗੁਰੂ ਜੀ ਤੇ ਉਹਨਾਂ ਦੇ ਸਕੱਤਰ ਨੇ ਦਿੱਤੀ। ਮੁਨਾਸਬ ਸਮਾਂ ਜਾਣ ਮੈਂ ਅਰਜ ਕੀਤੀ ਕਿ ਕੋਈ ਅਧੱਖੜ ਉਮਰ ਦੀ ਇਸਤਰੀ ਪ੍ਰ; ਕਸੇਲ ਜੀ ਦੇ ਘਰ ਵਿੱਚ ਲੰਗਰ ਸੇਵਿਕਾ ਦੇ ਤੌਰ ਤੇ ਚਾਹੀਦੀ ਹੈ। ਜੇ ਉਹਦਾ ਪ੍ਰਬੰਧ ਹੋ ਸਕੇ ਤਾਂ ਉਹ ਕਾਫੀ ਸਹੂਲਤ ਸਮਝਣ। ਅੱਜ ਕੱਲ ਉਹਨਾਂ ਨੂੰ ਇਸ ਤਰਾਂ ਦੀ ਔਰਤ ਖੁਣੋਂ ਪਰੇਸ਼ਾਨੀ ਹੈ। ਸਤਿਗੁਰੂ ਜੀ ਨੇ ਆਪਣੇ ਸਕੱਤਰ ਨੂੰ ਨੋਟ ਕਰਵਾਇਆ ਕਿ ਸ੍ਰੀ ਭੈਣੀ ਸਾਹਿਬ ਜਾ ਕੇ ਐਸੀ ਇਸਤਰੀ ਬਾਰੇ ਪਤਾ ਕਰਵਾਇਆਂ ਜਾਵੇ।

ਰਾਤ ਦੇ 10 ਵੱਜ ਚੁਕੇ ਸਨ। ਮੈਨੂੰ ਪਤਾ ਨਹੀਂ ਸੀ ਕਿ ਅਜੇ ਸ੍ਰੀ ਹਜ਼ੂਰ ਨੇ ਕਿੰਨੇ ਸ਼ਰੀਰਾਂ ਨਾਲ ਵਿਸ਼ੇਸ਼ ਗੱਲ ਬਾਤ ਕਰਨੀ ਹੈ ਤੇ ਹੋਰ ਕੀ ਪ੍ਰੋਗਰਾਮ ਹੈ। ਮੈਂ ਆਗਿਆ ਲੈ ਕੇ ਬਾਹਰ ਨਿਕਲਣ ਹੀ ਲੱਗਾ ਸੀ ਕਿ ਸਾਰਾ ਖੁਰਾਣਾ ਪਰਿਵਾਰ ਬਿਨਾਂ ਮਾਤਾ ਪਿਤਾ ਤੋਂ ਸ੍ਰੀ ਸਤਿਗੁਰੂ ਜੀ ਦੇ ਵਿਸ਼ੇਸ਼ ਦਰਸ਼ਨਾਂ ਲਈ ਅੰਦਰ ਆ ਗਿਆ। ਇਹ ਸਨ ਸ. ਨਰਿੰਦਰ ਸਿੰਘ ਅਤੇ ਸੁਪਤਨੀ ਹਰਭਜਨ। ਸੁਖਬੀਰ ਸਿੰਘ ਤੇ ਪਤਨੀ ਰਾਣੋਂ ਅਤੇ ਇਹਨਾਂ ਦੇ ਬੱਚੇ। ਮੇਰੇ ਘਰ ਪੁੱਜਣ ਤੱਕ ਰਾਤ ਦੇ 11 ਵੱਜ ਚੁਕੇ ਸਨ।

**11. 4. 1987, ਸ਼ਨੀਵਾਰ**

**ਨਵੀ ਦਿੱਲੀ**

ਕਵੀਰਾਜ ਸਿੰਘ ਦੁਖੀ ਦੀ c. b. i. ਵਲੋਂ ਉਨ੍ਹਾਂ ਦੇ ਪੁੱਤਰ ਰਾਮੇਸ਼ਵਰ ਸਿੰਘ ਦੀ ਇਨਕੁਆਰੀ ਕਰਵਾਉਣ ਹਿਤ ਰਾਸ਼ਟਰਪਤੀ ਨੂੰ ਅਰਜੀ ਦੇਣ ਲਈ ਸ. ਮੋਹਨ ਸਿੰਘ ਬੁੰਡਾਲਾ ਨੂੰ 9. 15 ਵਜੇ ਰਕਾਬਗੰਜ ਮਿਲੇ ਤਾਂ ਉਸਨੇ ਇੱਕ ਨੇੜੇ ਦਾ ਰਾਹ ਕੱਢਿਆ ਕਿ ਹੋਮ ਮਿਨਿਸਟਰੀ ਨੂੰ ਦਰਖਾਸਤ ਦਿੱਤੀ ਜਾਵੇ ਅਤੇ ਉਹ ਕੋਠੀ ਨੰਬਰ 8 ਮਹਾਦੇਵ ਰੋਡ ਤੇ ਸ੍ਰੀ ਕੰਵਲ ਚੌਧਰੀ ਪਾਸ ਲੈ ਗਏ। ਸ੍ਰੀ ਚੌਧਰੀ ਦੇ ਕੋਠੀ ਵਿੱਚ ਆਉਣ ਤੱਕ ਅਸਾਂ c. r. p. f. ਵਾਲਿਆਂ ਦੀ ਕੜੀ ਟੋਹਾਟੋਹੀ ਤੋਂ ਛੁਟਕਾਰਾ ਪਾ ਕੇ ਅੰਦਰ ਗਏ। ਗੱਲ ਬਾਤ ਕਰਦਿਆਂ ਸ. ਬੁੰਡਾਲਾ ਨੇ ਗੁਰੂ ਰਾਮ ਸਿੰਘ ਜੀ ਨੂੰ ਪਹਿਲਾਂ ਦੇਸ਼ ਭਗਤ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਬੜੀ ਸ਼ਰਧਾ ਪ੍ਰਗਟ ਕੀਤੀ।

ਉਸਨੇ ਇਹ ਵੀ ਦੱਸਿਆ ਕਿ ਜਦੋਂ ਸ. ਪ੍ਰਤਾਪ ਸਿੰਘ ਕੈਰੋਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਘਸੀਟਾ ਸਿੰਘ ਦੇ ਕਤਲ

ਕਰਨ ਵਾਲਿਆਂ ਵਿੱਚ ਪਾਉਣ ਦੀ ਹਦਾਇਤ ਦਿੱਤੀ ਤਾਂ ਪਤਾ ਲੱਗਣ ਤੇ ਆਪਣੇ ਉਸ ਮਿੱਤਰ ਨੂੰ ਉਸ ਕਿਹਾ ਕਿ ਹਕੂਮਤਾਂ ਦੀਆਂ ਕੁਰਸੀਆਂ ਤੇ ਆਦਮੀ ਸਦਾ ਬਦਲਦੇ ਰਹਿੰਦੇ ਹਨ। ਗੁਰੂਆਂ ਪੀਰਾਂ ਦਾ ਮੁਕਾਮ ਲੋਕਾਂ ਦੇ ਹਿਰਦਿਆਂ ਵਿੱਚ ਹੁੰਦਾ ਹੈ। ਉਹਨਾਂ ਦੀ ਬਦਦੁਆ, ਲੋਕਾਂ ਦੀ ਬਦਦੁਆ ਕਈ ਵਾਰ ਬਹੁਤ ਨੁਕਸਾਨ ਕਰ ਦਿੰਦੀਆਂ ਹਨ। ਮਹਾਰਾਜ ਜੀ ਦਾ ਨਾਮ ਤਾਂ ਕਾਤਲਾਂ ਵਿੱਚ ਜੁੜ ਨਾ ਸਕਿਆ ਪਰ ਉਹਨਾਂ ਦੇ ਲੜਕੇ ਬਾਬਾ ਬੀਰ ਸਿੰਘ ਨੂੰ ਕਾਤਲ ਬਣਾ ਦਿੱਤਾ ਗਿਆ। ਸ. ਮੋਹਨ ਸਿੰਘ ਨੇ ਨਾਮਧਾਰੀਆਂ ਬਾਰੇ ਕਾਫੀ ਗਲਤ ਧਾਰਨਾ ਰੱਖੀ ਸੀ। ਸਮਾਧਾਨ ਕਰਨਾ ਮੇਰੇ ਲਈ ਸੁਭਾਵਕ ਸੀ।

## 13.4.1987; ਸੋਮਵਾਰ
## ਸ੍ਰੀ ਭੈਣੀ ਸਾਹਿਬ

ਮੈਂ ਜੀਵਨ ਨਗਰ ਜਾਣ ਦਾ ਪ੍ਰੋਗਰਾਮ ਛਡ ਦਿੱਤਾ ਸੀ ਪਰ ਕੱਲ ਸਵੇਰ ਦੇ ਸਤਿਗੁਰੂ ਪ੍ਰਤਾਪ ਸਿੰਘ ਅਕਾਡਮੀ ਦੇ ਉਦਘਾਟਨ ਸਮਾਰੋਹ ਤੇ ਪਹੁੰਚਣ ਦਾ ਮਨ ਜਰੂਰ ਬਣਾ ਲਿਆ। ਇਸ ਬਾਰੇ ਅਕੈਡਮੀ ਪ੍ਰਬੰਧਕਾਂ ਵਲੋਂ ਮੇਰੇ ਨਾਂ ਤੇ ਇੱਕ ਨਿਮੰਤਰਣ ਪੱਤਰ ਵੀ ਆਇਆ। ਜਿਸ ਤੋਂ ਸ਼ਪਸ਼ਟ ਸੀ ਕਿ ਉਦਘਾਟਨ ਦੀ ਰਸਮ ਸ੍ਰੀ ਸਤਿਗੁਰ ਜੀ ਕਰ ਰਹੇ ਹਨ। ਸੱਦਾ ਪੱਤਰ ਜਾਰੀ ਕਰਨ ਵਾਲਿਆਂ ਦੇ ਨਾਮ ਇਸ ਪ੍ਰਕਾਰ ਸਨ- ਕਿਉਂਕਿ ਉਦਘਾਟਨ ਦੀ ਰਸਮ 14.4.87 ਨੂੰ ਸਵੇਰੇ ਹੀ ਹੋਣੀ ਸੀ ਸੋ ਵੇਲੇ ਸਿਰ ਪਹੁੰਚਣ ਦੇ ਖਿਆਲ ਨਾਲ ਮੈਂ ਸਵੇਰੇ 7 ਵਜੇ ਦੀ ਬੱਸ ਜਾ ਫੜੀ। 12 ਤੋਂ ਕੁਝ ਮਿੰਟ ਹੋਏ ਤਾਂ ਮੈਂ ਖੰਨੇ ਜਾ ਉਤਰਿਆ। ਮਾਛੀਵਾੜੇ ਵਾਲੀ ਬੱਸ ਸਮਰਾਲੇ ਵਾਸਤੇ ਲਈ ਤਾਂ ਇਸ ਵਿੱਚ ਇੱਕ ਹੋਰ ਨਾਮਧਾਰੀ ਦੇ ਦਰਸ਼ਨ ਹੋਏ। ਫਿਰ 65 ਸਾਲਾ ਸੱਜਣ ਸੰਤ ਸ਼ਿੰਗਾਰਾ ਸਿੰਘ ਜੀ, ਜ਼ਿਲ੍ਹਾ ਜੀਂਦ (ਹਰਿਆਣਾ) ਦੇ ਪਿੰਡ ਰੋੜ੍ਹ।

ਇਸਨੇ ਦੱਸਿਆ ਕਿ ਉਹ ਸ੍ਰੀ ਸਤਿਗੁਰੂ ਜੀ ਦੀ ਆਗਿਆ ਨਾਲ ਸੰਗਰੂਰ ਦੇ ਕੁਛ ਇਲਾਕੇ ਦੀ ਉਗ੍ਰਾਹੀ ਕਰਦਾ ਹੈ। ਆਪਣੇ ਘਰ ਵੀ ਸੋਖਾ ਹੈ ਅਤੇ 43 ਏਕੜ ਦਾ ਮਾਲਕ ਹੈ, ਤਿੰਨ ਟਿਊਬਵੈਲ ਲੱਗੇ ਹੋਏ ਹਨ ਪਰ ਪਾਣੀ ਅੱਛਾ ਨਹੀਂ। ਨਹਿਰ ਉਨ੍ਹੀ ਪੂਰਤੀ ਨਹੀਂ ਕਰਦੀ। ਤਾਂ ਵੀ ਉਸਦੇ ਦੋ ਲੜਕੇ ਗੁਰਬਖਸ਼ ਸਿੰਘ ਤੇ ਗੁਰਦੇਵ ਸਿੰਘ ਬੜੀ ਸੁਹਣੀ ਕਿਰਤ ਕਰਦੇ ਗੁਰੂ ਘਰ ਦੇ ਕਾਰਜਾਂ ਲਈ ਉਸਨੂੰ ਵਿਹਲਾ ਰੱਖਦੇ ਹਨ। ਛੇ ਮਹੀਨੇ ਉਗ੍ਰਾਹੀ ਕਰਨ ਲਈ ਜਾਣਾ ਹੁੰਦਾ ਹੈ ਅਤੇ ਸਾਲਾਨਾ 22000 ਦੇ ਲਾਗੇ ਤਾਗੇ ਗੁਰੂ ਘਰ ਨਕਦ ਰੂਪ ਵਿੱਚ ਪੁਚਾ ਦਿੱਤੇ ਜਾਂਦੇ ਹਨ। ਸੰਤ ਸ਼ਿੰਗਾਰਾ ਸਿੰਘ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਵਿਰਲੇ ਟਾਂਵੇ ਹੀ ਨਾਮਧਾਰੀ ਪਰਿਵਾਰ ਹਨ। ਉਗਰਾਹੀ ਉਹਨਾਂ ਤੋਂ ਹੀ ਲਈ ਜਾਂਦੀ ਹੈ। ਪਹਿਲਾਂ ਨਾਲੋਂ ਉਗਰਾਹੀ ਵਿੱਚ ਵਾਧਾ ਹੋਇਆ ਹੈ। ਹੁਣ ਲੋਕ ਰੁਚੀ ਨਾਲ ਗੁਰੂ ਘਰ ਆਪ ਦੀ ਕਿਰਤ ਦਾ ਹਿੱਸਾ ਦਿੰਦੇ ਹਨ। ਜੇ ਗੈਰ ਨਾਮਧਾਰੀਆਂ ਤੋਂ ਵੀ ਉਗਰਾਹੀ ਲੈਣੀ ਹੋਵੇ ਤਾਂ ਕਾਫੀ ਰਕਮ ਗੁਰੂ ਕੇ ਲੰਗਰ ਵਾਸਤੇ ਜਾ ਸਕਦੀ ਹੈ। 1.30 ਵਜੇ ਦੇ ਕਰੀਬ ਅਸੀਂ ਭੈਣੀ ਸਾਹਿਬ ਪਹੁੰਚ ਗਏ। ਅਜੇ ਸ੍ਰੀ ਸਤਿਗੁਰੂ ਜੀ ਜੀਵਨ ਨਗਰ ਇਲਾਕੇ ਵਿੱਚੋਂ ਨਹੀਂ ਸਨ ਆਏ। ਸਾਧ ਸੰਗਤ ਵੈਸਾਖੀ ਦੇ ਪੂਰਬ ਲਈ ਇਕੱਤਰ ਹੋ ਰਹੀ ਸੀ। ਸੰਤ ਦਿਆਲ ਸਿੰਘ ਫਗਵਾੜਾ ਅਤੇ ਸੰਤ ਕਸ਼ਮੀਰ ਸਿੰਘ ਡੇਰੇ ਲੁਆ ਰਹੇ ਸਨ।

15 ਨੰਬਰ ਕਮਰੇ ਵਿੱਚ ਡੇਰਾ ਦਿੱਤਾ ਤਾਂ ਮੈਨੂੰ ਉੱਥੇ ਸੰਤ ਗੁਰਦੇਵ ਸਿੰਘ ਜੰਮੂ ਮਿਲੇ। ਇਹਨਾਂ ਦੇ ਪਿਤਾਮਾ ਸੰਤ ਜਗਤ ਸਿੰਘ ਜੀ 10.4.87 ਨੂੰ ਸਵੇਰੇ 4 ਵਜੇ ਪ੍ਰਾਣ ਤਿਆਗ ਗਏ ਸਨ। ਮੁਮਕਿਨ ਹੈ ਕਿ ਇਹ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਭੋਗ ਪਵਾਉਣ ਲਈ ਤਰੀਕ ਲੈਣ ਆਏ ਹੋਣ। ਜਥੇਦਾਰ ਅਜੀਤ ਸਿੰਘ ਬਟਾਲਾ ਨੂੰ ਮਿਲਕੇ ਇਹਨਾਂ ਕਿਸੇ ਰਾਤ ਦੀ ਬੱਸ ਜਾਂ ਗੱਡੀ ਤੇ ਜੰਮੂ ਚਲੇ ਜਾਣਾ ਸੀ। ਸੰਤ ਜਗਤ ਸਿੰਘ ਦੇਵਤਾ ਪੁਰਸ਼ ਸਨ ਅਤੇ ਜੰਮੂ ਵਿੱਚ ਨਾਮਧਾਰੀ ਸੰਗਤਾਂ ਦੇ ਵਸੇਵੇ ਦੇ ਮੋਢੀਆਂ ਵਿੱਚੋਂ ਸਨ। ਇਹਨਾਂ ਦੇ ਬਾਕੀ ਭਾਈ ਜੰਮੂ ਵਿੱਚ ਹੀ ਕਾਰੋਬਾਰੀ ਹਨ ਤੇ ਸਾਰਾ ਜੰਮੂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਗਾਧ ਰੂਪ ਵਿੱਚ ਜੁੜਿਆ ਹੋਇਆ ਹੈ। ਸੰਤਾਂ ਨੇ ਭਾਵੇਂ ਏਨੀ ਲੰਮੀ ਉਮਰ ਤੋਂ ਬਾਅਦ ਇਹ ਜਿੰਦਗੀ ਤਿਆਗਣੀ ਹੀ ਸੀ, ਪਰ ਬੀਬੀ ਮਾਨ ਕੌਰ ਦੇ ਚਲਾਣੇ ਤੋਂ ਪਿੱਛੋਂ ਇਹ ਸਵਰਗ ਵਾਸ ਹੋਣਾ ਜੰਮੂ ਵਾਲਿਆਂ ਲਈ ਵੱਡੇ ਘਾਟੇ ਵਾਲਾ ਹੈ। ਸੰਤ ਜਗਤਾਰ ਸਿੰਘ ਅਤੇ ਬੀਬਾ ਜੀ ਸਵੇਰ ਤੋਂ ਹੀ ਆਏ ਹੋਏ ਸਨ। ਠਾਕਰ ਸ਼ਮਸ਼ੇਰ ਸਿੰਘ ਦੇ ਘਰੋਂ ਬੀਬੀ ਦਰਸ਼ਨ ਕੌਰ, ਦਾਮਾਦ ਸ. ਰਾਕੇਸ਼ਵਰ ਸਿੰਘ ਅਤੇ ਪੁਤਰੀ ਭੀ ਆਏ ਹੋਏ ਸਨ। ਮੈਂ ਬੀਬਾ ਜੀ ਨੂੰ ਇਸ ਪਰਿਵਾਰ ਨੂੰ ਭੈਣੀ ਸਾਹਿਬ ਲੰਗਰ ਵੱਲ ਜਾਂਦੇ ਵੇਖਿਆ ਤਾਂ ਬੀਬੀ ਗੁਰਸ਼ਰਨ ਕੌਰ ਜੀ ਕਾਫ਼ੀ ਕਮਜੋਰ ਜਿਹੇ ਲੱਗੇ, ਪੈਰ ਸੰਭਲ ਸੰਭਲ ਕੇ ਧਰ ਰਹੇ ਸਨ। ਸੰਤ ਜਗਤਾਰ ਸਿੰਘ ਜੀ ਅਤੇ ਸੰਤ ਜਸਵੰਤ ਸਿੰਘ ਜੀ ਕੱਲਾ ਮੈਨੂੰ ਰਾਮਸਰ ਕੇਂਦਰ ਵਿੱਚ ਪਿੱਪਲ ਹੇਠ ਮਿਲੇ ਤਾਂ ਜਗਤਾਰ ਸਿੰਘ ਜੀ ਨੇ ਦੱਸਿਆ ਕਿ ਕਵੀ ਜੀ ਅੱਜ

ਸਿਮਰਤੀ ਮੰਦਰ ਵਿੱਚ ਜਾ ਕੇ ਵੇਖੋ ਕਿਵੇਂ ਨਵ-ਵਿਆਹੀ ਦੁਲਹਨ ਵਾਂਗ ਸਜਿਆ ਪਿਆ ਹੈ। ਉਸਦੇ ਖੇਤਰ ਦੇ ਬਾਹਰ ਵਾਰ ਜਾਲੀਦਾਰ ਤੇ ਖ਼ੂਬਸੂਰਤ ਰੋਕ ਲੱਗੀ ਹੈ। ਅੰਦਰਲੇ ਖੇਤਰ ਵਿੱਚ ਅਨੇਕਾਂ ਝੰਡੇ ਵੱਖ ਵੱਖ ਰੰਗਾਂ ਦੇ ਝੂਲ ਰਹੇ ਹਨ। ਮੰਦਰ ਦੇ ਬਾਹਰ ਵਾਰ ਲੜੀਆਂ ਬੱਤੀਆਂ ਨਾਲ ਰਾਤ ਦੀਵਾਲੀ ਹੋ ਜਾਣੀ ਹੈ। ਅੰਦਰ ਸਕੂਲ ਦੇ ਕਮਰਿਆਂ ਦੀ ਸ਼ੋਭਾਵੀ ਵੇਖਣ ਯੋਗ ਹੈ। ਮੈਂ ਏਨੀ ਗੱਲ ਕਹਿਕੇ ਗੱਲ ਮੁਕਾ ਦਿੱਤੀ ਕਿ ਕੱਲ ਸ੍ਰੀ ਸਤਿਗੁਰੂ ਜੀ ਦੇ ਨਾਲ ਉਦਘਾਟਨ ਸਮੇਂ ਇੱਕੋ ਵਾਰ ਹੀ ਸਾਰਾ ਕੁਝ ਵੇਖ ਲਵਾਂਗੇ।

ਸੰਤ ਜਸਵੰਤ ਸਿੰਘ ਦਰਜੀ ਦਿੱਲੀ ਨੇ ਸਿਲਾਈ ਦੀ ਭੇਟਾ ਇੱਕ ਦਿਨ ਡਬਲ ਕਰ ਰੱਖਿਆ ਹੈ ਪਿਛਲੇ ਕੁਝ ਮਹੀਨਿਆਂ ਤੋਂ ਜਿਵੇਂ ਸੂਤੀ ਜੂਟ ਦੀ ਸਿਲਾਈ 45/ ਅਤੇ ਪੋਲਿਸਟਰ ਦੀ 55 ਸ਼ਾਇਦ ਅੰਤਰੀਵ ਅਤੇ ਇਹਦਾ ਵੀ ਪ੍ਰਭਾਵ ਹੋਵੇ। ਪਰ ਨਹੀਂ ਇਹ ਗੱਲ ਹੁੰਦੀ ਤਾਂ ਮੈਂ ਦੋ ਸੂਟ ਪੋਲਿਸਟਰ ਦੇ ਸਿਉਣੇ ਨਾ ਦੇ ਕੇ ਆਉਂਦਾ ਪਰ ਇਸ ਵਾਰ ਸੰਤ ਅਨੰਤਾ ਸਿੰਘ ਦੇ ਛੋਟੇ ਭਾਈ, ਜਸਵੰਤ ਸਿੰਘ ਦੇ ਚਾਚਾ ਜੀ ਪਾਸੋਂ ਦੋ ਯਾਦਗਾਰੀ ਸੂਟ ਸਿਲਵਾਣ ਲਈ ਮੈਂ ਖੱਦਰ ਦੇ ਦੋ ਪਰਕਾਰ ਦੇ ਕੱਪੜੇ ਲੈ ਗਿਆ, ਇੱਕ ਬਾਰੀਕ ਜਾਲੀਦਾਰ 12/ ਮੀਟਰ ਦਾ ਦੂਜਾ ਪਜਾਮਿਆਂ ਲਈ 8 ਗਜ ਖਦਰ ਦਾ। ਉਹਨਾਂ ਦੇ ਸ੍ਰੀ ਭੈਣੀ ਸਾਹਿਬ ਵਿਚਲੇ ਘਰ ਗਿਆਂ ਤਾਂ ਮੈਨੂੰ ਜਗਤ ਸਿੰਘ ਜੀ ਦਾ ਲੜਕਾ ਮਾ. ਸੰਤੋਖ ਸਿੰਘ ਵੀ ਮਿਲਣ ਆਇਆ ਕੰਧ ਤੇ ਬੈਠਾ ਨਜਰ ਆਇਆ ਅਤੇ ਇੱਕ ਵਿਧਵਾ ਲੜਕੀ ਇੰਦਰ ਕੌਰ ਸੰਤਾਂ ਪਾਸ ਬਹੁਤ ਪੁਰਾਣੀ ਮਸ਼ੀਨ ਪਫ ਨੂੰ ਵੇਖ, ਜਿਸ ਨਾਲ ਉਹ ਸੰਤ ਖਜਾਨ ਸਿੰਘ ਰਾਗੀ ਦਾ ਕੁਰਤਾ ਸਿਉਂ ਰਹੇ ਸਨ, ਮੈਂ ਪੁਛਿਆ ਕਿ ਇਹ ਮਸ਼ੀਨ ਤਾਂ ਉਮਰ ਦੀ ਸਾਥੀ ਲੱਗਦੀ ਹੈ। ਭਾਵੇਂ ਕਿੰਨੀ ਘਿਸੀ ਪਿਟੀ ਹੈ ਪਰ ਅਜੇ ਵੀ ਕਮਾਲ ਦਾ ਕੰਮ ਦੇ ਰਹੀ ਹੈ, ਤਾਂ ਜਗਤ ਸਿੰਘ ਜੀ ਨੇ ਮਸ਼ੀਨ ਰੋਕ, ਮੇਰੇ ਵੱਲ ਵੇਖਿਆ ਅਤੇ ਕਿਹਾ ਇਹ ਮਸ਼ੀਨ ਅਨੇਕਾਂ ਸਾਲ ਹੋ ਗਏ ਹਨ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 120 ਵਿੱਚ ਲੈ ਕੇ ਦਿੱਤੀ ਸੀ। ਅਸਲ ਵਾਰਤਾ ਇੰਜ ਹੈ- ਅਸੀਂ ਦੋਵੇਂ ਭਰਾ , ਮੈਂ ਅਤੇ ਵੱਡੇ ਭਾਈ ਅਨੰਤਾ ਸਿੰਘ ਹੁਰੀਂ ਪਹਿਲਾਂ ਅੱਜ ਵਾਲੀ ਆਉ ਭਗਤ ਕੋਲ ਦੀ ਖੂਹੀ ਪਾਸ ਬਣੇ ਆਪਣੇ ਮਕਾਨਾਂ ਵਿੱਚ ਕੰਮ ਕੀਤਾ ਕਰਦੇ ਸਾਂ। ਉਦੋਂ ਇਹ ਖੂਹੀ ਨਹੀਂ ਸੀ ਇੱਥੇ । ਐਸੇ ਕਾਰਨ ਬਣ ਗਏ ਕਿ ਅਸੀਂ ਇਹ ਥਾਵਾਂ ਛੱਡ ਕੇ , ਮੈਂ ਅੰਬਾਲੇ ਚਲਾ ਗਿਆ ਤੇ ਅਨੰਤਾ ਸਿੰਘ ਜੀ ਲੁਧਿਆਣੇ ਕੰਮ ਕਰਨ ਲੱਗੇ। ਉਸ ਵੇਲੇ ਸ੍ਰੀ ਭੈਣੀ ਸਾਹਿਬ ਦਾ ਮੁਖੀ ਸਰਦਾਰ ਗੁਰਮੁਖ ਸਿੰਘ ਝੱਬਰ ਸੀ। ਗੁਰਮੁਖ ਸਿੰਘ ਦਾ ਸੁਭਾਓ ਦਾ ਬੜਾ ਤੇਜ ਸੀ ਅਤੇ ਡੇਰੇ ਦੇ ਹੱਕ ਵਿੱਚ ਕੁਝ ਵੀ ਕਰ ਗੁਜਰਦਾ ਸੀ। ਸੱਬਬ ਨਾਲ ਸਾਡੇ ਸ਼ਰੀਕੇ ਵਿੱਚੋਂ ਜਿਸਨੂੰ ਸਿੰਘਾਂ ਅਤੇ ਸਤਿਗੁਰਾਂ ਦੇ ਬਸਤਰ ਸਿਉਣ ਦਿੱਤੇ ਜਾਣ ਲੱਗੇ ਪਰ ਉਹਨਾਂ ਤੋਂ ਕੱਪੜੇ ਦਾ ਪਹਿਰਾਵਾ ਨਿੱਖਰੇ ਨਾ। ਹੋਰ ਤਾਂ ਹੋਰ ਪਜਾਮੇ ਦੀ ਲੱਤ ਵੀ ਵੱਡੀ ਛੋਟੀ ਹੋ ਜਾਣੀ। ਲੱਗੀਆਂ ਸ਼ਿਕਾਇਤਾਂ ਆਉਣ।

ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਜੀ ਨੇ ਲਾਭ ਸਿੰਘ ਫੱਤੇ ਵਾਲ ਨੂੰ ਮੈਨੂੰ ਹਰ ਤਰੀਕੇ ਅੰਬਾਲਿਉਂ ਲੈਣ ਵਾਸਤੇ ਭੇਜਿਆ। ਮੈਂ ਆ ਗਿਆ। ਹੁਕਮ ਅਦੂਲੀ ਨਹੀਂ ਸੀ ਹੋਣੀ। ਮੇਰੀ ਪੁਰਾਣੀ ਮਸ਼ੀਨ ਵੇਖ ਕੇ ਸਤਿਗੁਰਾਂ ਹੁਕਮ ਕੀਤਾ- ਇਹ ਨਹੀਂ ਕਿਸੇ ਕੰਮ ਦੀ ਤੈਨੂੰ ਨਵੀਂ ਮਸ਼ੀਨ ਲੈ ਦਿੰਦੇ ਹਾਂ। ਮਸ਼ੀਨ ਆ ਗਈ, ਜਰਮਨੀ ਦੀ ਬਣੀ "ਪਫ" ਕੀ ਰੀਸਾਂ ਸਨ ਇਸ ਦੀਆਂ ਵੇਖ ਕੇ ਹੀ ਭੁੱਖ ਲਹਿੰਦੀ ਹੈ ਕੰਮ ਦੀ ਤਾਂ ਗੱਲ ਹੀ ਕੀ ਕਰਨੀ ਹੈ। ਪਰ ਜਥੇਦਾਰ ਝੱਬਰ ਨੇ ਸਤਿਗੁਰੂ ਜੀ ਦੀ ਉਦਾਰਤਾ ਨੂੰ ਆਪਣੇ ਅਰਥ ਦੇ ਦਿੱਤੇ। ਉਹਨੀਂ ਦਿਨੀਂ ਅਸੀਂ ਕੁੜਤੇ ਦੇ 3 ਪੈਸੇ ਅਤੇ ਪਜਾਮੇ ਦੇ 2 ਪੈਸੇ ਲਿਆ ਕਰਦੇ ਸਨ। ਝੱਬਰ ਨੇ ਸਾਨੂੰ ਮਸ਼ੀਨ ਦੀ ਕੀਮਤ ਪੂਰੀ ਹੋਣ ਤੱਕ ਪ੍ਰਤੀ ਬਸਤਰ ਇੱਕ ਪੈਸਾ ਸਿਲਾਈ ਦੇਣ ਦਾ ਹੁਕਮ ਸਾਦਰ ਕਰ ਦਿੱਤਾ।

ਸਤਿਗੁਰੂ ਜੀ ਦੇ ਪਿਆਰ ਨੂੰ ਅਸੀਂ ਇਹ ਵੀ ਸਹਿ ਲਿਆ। ਭਰਾ ਜੀ ਵੀ ਲੁਧਿਆਣਿਓਂ ਆ ਗਏ, ਫੇਰ ਅਸਾਂ ਅੱਜ ਵਾਲੀ ਇਹ ਜਗਾ ਬਣਾਈ ਤੇ ਆਬਾਦ ਕੀਤੀ। ਹੁਣ ਮੇਰੇ ਬੱਚੇ ਕਹਿੰਦੇ ਹਨ ਕਿ ਮੈਂ ਹੋਰ ਕੰਮ ਨਾ ਕਰਾਂ, ਬੁੱਢਾ ਹੋ ਗਿਆ ਹਾਂ ਕੰਮ ਕਰ ਕਰ ਕੇ। ਸੰਤੋਖ ਸਿੰਘ ਤਾਂ ਸਕੂਲ ਮਾਸਟਰ ਹੈ ਖੰਨੇ ਦੇ ਇੱਕ ਪਿੰਡ ਵਿੱਚ ਅਤੇ ਉਹ ਉੱਥੇ ਹੀ ਰਹਿੰਦਾ ਹੈ, ਦੂਜਾ ਰਜਿੰਦਰ ਸਿੰਘ ਲੁਧਿਆਣੇ ਵਿੱਚ ਸਿਵਲ ਸਪਲਾਈ ਦੇ ਦਫਤਰ ਵਿੱਚ ਹੈ। ਮੈਨੂੰ ਜੋਰ ਦਿੱਤਾ ਜਾ ਰਿਹਾ ਹੈ, ਜਲੰਧਰ ਚਲਣ ਲਈ; ਮੈਸਾਂ ਵੇਚ ਦਿੱਤੀਆਂ ਹਨ। ਵੇਖੋ ਹੁਣ ਸਰਦਾ ਹੀ ਜਾਣਾ ਹੈ। ਸੰਤ ਅਨੰਤ ਸਿੰਘ ਤੋਂ 10 ਸਾਲ ਛੋਟਾ ਭਾਈ ਜਗਤ ਸਿੰਘ ਜਿੰਦਗੀ ਦੀ ਪੌੜੀ ਦੇ ਲਗਭਗ 85 ਡੰਡੇ ਚੜ੍ਹ ਆਇਆ ਹੈ। ਅਜੇ ਵੀ ਕੱਪੜੇ ਸਿਊਂਦਾ ਹੈ ਸੂਈ ਵਿੱਚ ਧਾਗੇ ਪਾਉਂਦਾ ਹੈ ਤੇ ਸੁਚੇਤ ਵਿਅਕਤੀ ਹੈ। ਮੈਨੂੰ ਇਉਂ ਲੱਗਾ ਕਿ ਮੇਰੇ ਇਹ ਦੋਵੇਂ ਸੂਟ ਸਚਮੁਚ ਯਾਦਗਾਰੀ ਹੋਣਗੇ। ਜਗਤ ਸਿੰਘ ਹੁਰਾਂ ਇਹ ਵੀ ਦੱਸਿਆ ਕਿ ਮੇਰੀ ਮਾਂ ਕਹਿੰਦੀ ਹੁੰਦੀ ਸੀ ਸਤਿਗੁਰੂ ਹਰੀ ਸਿੰਘ ਜੀ ਦੀ ਚੜ੍ਹਾਈ ਤੋਂ ਡੇਢ ਸਾਲ ਪਹਿਲਾਂ ਮੇਰਾ ਜਨਮ ਹੋਇਆ ਸੀ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਫਿਰ ਜਾ ਪਏ ਮਾਈ ਦੇ ਡੇਰੇ ਨੂੰ ਦੁਬਾਰਾ, ਅੰਦਰੋਂ ਪੇਟੀ ਵਿਚ ਹੱਥ ਮਾਰ ਕੇ, ਟੂਮ ਛੱਲਾ ਤੇ ਕੁਝ ਮਾਇਆ, ਬਿਪਤਾ ਸਮੇਂ ਲਈ ਪਹਿਰੇ ਵਿਚ ਕਰ ਲਈ। ਜਦੋਂ ਕਿਸ਼ਨ ਸਿੰਘ ਦੁਬਾਰਾ ਡੇਰੇ ਵਿਚ ਆਇਆ ਸੀ ਉਸ ਤੋਂ ਪਹਿਲਾ ਜਵੰਦ ਸਿੰਘ ਹੋਰਾਂ ਨੂੰ ਟਪਲਾ ਲੱਗ ਗਿਆ। ਉਹਨਾਂ ਸਮਝਿਆ ਕਿ ਮਾਈ ਮਰ ਗਈ ਤਾਂ ਕਿਸ਼ਨ ਸਿੰਘ ਵੀ ਡੇਰੇ 'ਚੋਂ ਨਿਕਲ ਗਿਆ ਹੈ। ਉਹਨਾਂ ਨੂੰ ਇਹ ਧਿਆਨ ਨਾ ਰਿਹਾ ਕਿ ਉਹ ਤੇਲੀ ਮਗਰ ਨੱਸਿਆ ਹੈ। ਸੋ ਜਦੋਂ ਦੁਬਾਰਾ ਉਹ ਆਇਆ ਅਤੇ ਡੇਰੇ ਵਿਚੋਂ ਮਾਲ ਮੱਤਾ ਲੈ ਕੇ ਬਾਹਰ ਨਿਕਲਣ ਲੱਗਾ ਤਾਂ ਉਹਦਾ ਬੂਹਾ ਸਾਰੇ ਪਿੰਡ ਨੇ ਘੇਰਿਆ ਹੋਇਆ ਸੀ। ਫਿਰ ਸਿੰਘ ਨੇ ਉਹਨਾਂ ਲੋਕਾਂ ਨੂੰ ਉਚੀ ਆਵਾਜ਼ ਵਿਚ ਕਿਹਾ, "ਅਸੀਂ ਇਹ ਕਾਰਾ ਖੀਰ ਖਾਂਦਿਆਂ ਨਹੀਂ ਕੀਤਾ। ਸਾਡੇ ਸਾਰੇ ਪੰਥ ਦੀ ਮਾਂ ਬਣੀ ਹੋਈ ਸੀ, ਸਤਿਗੁਰਾਂ ਦੀ ਮੰਗੇਤਰ ਬਣ ਕੇ। ਅਸੀਂ ਸਾਰੇ ਪੰਥ ਦੀ ਹੇਠੀ ਨਹੀਂ ਸਹਾਰ ਸਕੇ। ਫਰਜ਼ ਤੁਹਾਡਾ ਵੀ ਸਾਡੇ ਰਾਹ ਵਿਚ ਆਉਣ ਦਾ ਨਹੀਂ। ਜੇ ਰਸਤਾ ਦੇ ਦਿਓ, ਵਾਹ ਭਲਾ, ਨਹੀਂ ਦੋ ਚਾਰ ਤੁਹਾਡੇ ਵੀ ਥਾਂ ਰਹਿਣਗੇ, ਸਿੰਘ ਤੁਰਿਆ ਹੀ ਘਰੋਂ ਮਰਨ ਮੰਡ ਕੇ ਹੈ।" ਲੋਕਾਂ ਨੇ ਰਸਤਾ ਦੇ ਦਿਤਾ। ਕਿਸ਼ਨ ਸਿੰਘ ਊਠ ਦੀ ਪੈੜ ਕੱਢਦਾ ਕੱਢਦਾ ਪੰਜੀਂ ਕੋਹੀਂ ਆ ਕੇ ਰਲਿਆ। ਹੁਣ ਉਹ ਬਹੁਤ ਗਰਮੀ ਵਿਚ ਸੀ ਅਤੇ ਵਧਾਵਾ ਸਿੰਘ ਨੂੰ ਆਖੇ ਕਿ ਤੂੰ ਊਠ ਬਹਾ ਥੱਲੇ ਮੈਂ ਤੈਨੂੰ ਤੇ ਅਰੂੜ ਸਿੰਘ ਨੂੰ ਨਹੀਂ ਛੱਡਾਂਗਾ। ਮੈਨੂੰ ਮੌਤ ਦੇ ਮੂੰਹ ਵਿਚ ਦੇ ਕੇ ਨੱਸ ਆਏ ਸਉ। ਸੰਤ ਜਵੰਦ ਸਿੰਘ ਹੋਰਾਂ ਬੜੇ ਧੀਰਜ ਨਾਲ ਕਿਸ਼ਨ ਸਿੰਘ ਹੋਰਾਂ ਨੂੰ ਸ਼ਾਂਤ ਕੀਤਾ। ਮਾਈ ਤੇ ਤੇਲੀ ਤੋਂ ਇਲਾਵਾ ਪੰਜ ਜਣੇ ਹੋਰ ਵੀ ਇਸੇ ਹੱਲੇ ਵਿਚ ਖ਼ਾਨੇ ਮਾਰੇ ਗਏ ਸਨ।

**ਕਿਸ਼ਨ ਸਿੰਘ 'ਵਰਨ'ਧੂਰੀ ਜਿਹਲ ਵਿਚ ਗੁਜ਼ਰਿਆ:**

ਗੁਰੂ ਹਰੀ ਸਿੰਘ ਜੀ ਤਾਂ ਭੈਣੀ ਸਾਹਿਬ ਨਜ਼ਰਬੰਦ ਸਨ, ਸੋ ਉਹਨਾਂ ਨੂੰ ਇਸ ਕੇਸ ਵਿਚ ਪੁੱਛ ਨਹੀਂ ਹੋ ਸਕਦੀ ਸੀ। ਅੜਬੰਗ ਸਿੰਘ ਹੋਰਾਂ ਦੇ ਫੜੇ ਜਾਣ ਦਾ ਵਰਣਨ ਪਿਛੇ ਆਇਆ ਹੈ। ਉਹਨਾਂ ਦਾ ਇਸ਼ਤਿਹਾਰ ਪੜ੍ਹ ਕੇ ਜਵੰਦ ਸਿੰਘ ਹੋਰੀਂ, ਬਾਕੀ ਸਾਥੀਆਂ ਨੂੰ ਲੈ ਕੇ ਪੇਸ਼ ਹੋ ਗਏ ਸਨ। ਪਟਿਆਲੇ ਮੁਕੱਦਮਾ ਚਲਿਆ ਸੀ। ਕਿਸ਼ਨ ਸਿੰਘ ਜੀ ਪਹਿਲਾਂ ਪਹਿਲ ਸ਼ੇਖੂਪੁਰੇ ਦੀ ਜਿਹਲ ਵਿਚ ਰਹੇ ਸਨ ਜਿਥੇ ਮੇਰਾ ਪਿਤਾ ਜਿਊਣ ਸਿੰਘ ਝੱਬਰ ਉਹਨਾਂ ਦਾ ਪ੍ਰਸ਼ਾਦਾ ਲੈ ਕੇ ਜਾਂਦਾ ਹੁੰਦਾ ਸੀ। ਫਿਰ ਪਤਾ ਨਾ ਲੱਗਾ। ਕਿਧਰ ਲੈ ਗਏ ਹਨ। ਬਹੁਤ ਸਾਲਾਂ ਬਾਦ ਇਕ ਦੌਰੇ ਤੇ ਧੂਰੀ ਦੀ ਪੁਲੀਸ ਨੇ ਸਾਨੂੰ ਇਕੇਰਾਂ ਦੱਸਿਆ ਕਿ ਬੜੇ ਵਰ੍ਹੇ ਪਹਿਲਾਂ ਤੁਹਾਡੇ ਵਰਗਾ ਇਕ ਕੂਕਾ ਇਥੇ ਆਇਆ ਸੀ ਮਾਈਸਰਖ਼ਾਨੇ ਵਾਲੇ ਕਤਲਾਂ ਦੇ ਸਿਲਸਿਲੇ ਵਿਚ। ਇਕ ਦਿਨ ਜਿਹਲ ਦੇ ਦਰੋਗੇ ਨੂੰ ਇਹ ਕਹਿ ਕੇ ਕਿ ਮੈਂ ਰਸਾਇਣੀ ਹਾਂ ਸੋਨਾ ਬਣਾ ਲੈਂਦਾ ਹਾਂ, ਉਸ ਹੋਰ ਸਮੱਗਰੀ ਦੇ ਨਾਲ ਦੋ ਤੋਲੇ ਅਫ਼ੀਮ ਵੀ ਮੰਗਵਾ ਲਈ। ਜਦੋਂ ਅਫ਼ੀਮ ਛਕ ਲਈ ਚੌਂਕੜੀ ਮਾਰ ਕੇ ਬਹਿ ਗਿਆ ਪੰਜ ਗ੍ਰੰਥੀ ਲੈ ਕੇ। ਬਾਣੀ ਪੜ੍ਹਦਿਆਂ ਹੀ ਪ੍ਰਾਣ ਤਿਆਗ ਗਿਆ ਸੀ। ਉਹ ਸਿੰਘ ਕਿਸ਼ਨ ਸਿੰਘ ਵਰਨ ਹੀ ਸੀ। ਕਿਸ਼ਨ ਸਿੰਘ ਵਰਗੇ ਸੂਰਮੇ ਵੀ ਕੌਮਾਂ ਦਾ ਅਮੁੱਲ ਸਰਮਾਇਆ ਹੁੰਦੇ ਹਨ।

ਜਵੰਦ ਸਿੰਘ, ਵਧਾਵਾ ਸਿੰਘ ਅਤੇ ਅਰੂੜ ਸਿੰਘ ਤੇ ਕਤਲਾਂ ਦਾ ਮੁਕੱਦਮਾ ਚਲਿਆ, ਪਟਿਆਲੇ। ਗੁਰੂ ਹਰੀ ਸਿੰਘ ਜੀ ਵੀ ਕਦੇ ਕਦੇ ਤਾਰੀਖ ਵਾਲੇ ਦਿਨ ਇਹਨਾਂ ਨੂੰ ਦਰਸ਼ਨ ਦੇਣ ਚਲੇ ਜਾਂਦੇ ਸਨ। ਤਿੰਨਾਂ ਕੂਕਿਆਂ ਨੇ ਸੱਚੋ ਸੱਚ ਬਿਆਨ ਦਿਤੇ। ਮੁੱਕਰੇ ਨਹੀਂ, ਇਹਨਾਂ ਕਤਲਾਂ ਤੋਂ। ਉਹਨਾਂ ਕਿਹਾ ਪੰਥ ਦੀ ਗ਼ੈਰਤ ਵਿਚ ਆ ਕੇ ਮਾਈ ਦਾ ਮਾੜਾ ਕਿਰਦਾਰ ਵੇਖ ਕੇ ਅਸੀਂ ਜਰ ਨਹੀਂ ਸਕੇ। ਕਹਿੰਦੇ ਹਨ ਕਿ ਜਵੰਦ ਸਿੰਘ ਹੋਰਾਂ ਰਾਜੇ ਨੂੰ ਕਿਹਾ ਸੀ ਕਿ ਕੰਮ ਤਾਂ ਇਹ ਤੁਹਾਡੇ ਕਰਨ ਵਾਲਾ ਸੀ, ਰਾਜਾ ਅਦਲੀ

ਹੋਣਾ ਚਾਹੀਏ। ਤੁਸਾਂ ਨਹੀਂ ਕੀਤਾ ਤਾਂ ਸਾਨੂੰ ਕਰਨਾ ਪਿਆ ਹੈ। ਇਹ ਤਿੰਨੇ ਸਿੰਘ ਬਰੀ ਹੋ ਗਏ ਸਨ।

ਅੜਬੰਗ ਸਿੰਘ ਹੋਰਾਂ ਨੂੰ ਅਕਾਰਣ ਹੀ ਨੌ ਮਹੀਨੇ ਪਹਿਲਾਂ ਹਵਾਲਾਤ ਵਿਚ ਰਹਿਣਾ ਪਿਆ ਸੀ। ਇਹ ਵਾਕਿਆ ਗੁਰੂ ਹਰੀ ਸਿੰਘ ਦੇ ਸਰੀਰ ਛੱਡਣ ਤੋਂ ਚਾਰ ਜਾਂ ਪੰਜ ਵਰ੍ਹੇ ਪਹਿਲਾਂ ਹੋਇਆ ਸੀ। ਬਾਹੋਵਾਲ ਜੀ ਮੁਤਾਬਿਕ 1904 ਈ. ਵਿਚ ਜ਼ਿਕਰ ਫੁੱਟ ਨੋਟ ਵਿਚ ਉੱਪਰ ਆ ਗਿਆ ਹੈ।

ਦੂਜੀ ਕਥਾ ਸੰਤ ਜਵੰਦ ਸਿੰਘ ਹੋਰਾਂ ਕਾਲ ਸਮੇਂ ਸ਼ਾਹੂਕਾਰ ਦੀ ਰਸਤ ਲੁਟਾਉਣ ਵਾਲੀ ਇਉਂ ਸੁਣਾਈ:

"ਇਕ ਵਾਰ ਇਸ ਇਲਾਕੇ ਵਿਚ ਕਾਲ ਪੈ ਗਿਆ। ਸਾਡੇ ਨਗਰ ਚਾਲੀ ਚੱਕ ਵਿਚ ਇਕ ਸ਼ਾਹੂਕਾਰ ਸੀ ਜਿਸ ਕੋਲ ਅਨਾਜ, ਦਾਲਾਂ, ਗੁੜ, ਖੰਡ ਆਦਿ ਕਾਫ਼ੀ ਪਿਆ ਸੀ। ਅਸੀਂ ਉਹਨੂੰ ਕਿਹਾ ਕਿ ਉਹ ਗ਼ਰੀਬਾਂ ਨੂੰ ਖਾਣ ਲਈ ਅਨਾਜ ਵਗੈਰਾ ਹੁਦਾਰ ਦੇ ਦੇਵੇ। ਲੋਕ ਭੁੱਖ ਨਾਲ ਮਰਨ ਡਹੇ ਹਨ। ਪੈਸੇ ਤੈਨੂੰ ਅਸੀਂ ਹਾੜ੍ਹੀ ਤੋਂ ਉਗਰਾਹ ਦਿਆਂਗੇ। ਪਰ ਉਹ ਨਾ ਮੰਨਿਆ। ਅਸੀਂ ਮਿੰਟਗੁਮਰੀ ਜਾ ਕੇ ਜ਼ਿਲ੍ਹੇ ਦੇ ਵੱਡੇ ਅਫ਼ਸਰ ਨੂੰ ਇਤਲਾਹ ਦਿਤੀ ਕਿ ਫਲਾਣੇ ਸ਼ਾਹੂਕਾਰ ਨੇ ਅਨਾਜ ਦਾ ਗੁਦਾਮ ਭਰਿਆ ਹੈ, ਪ੍ਰੰਤੂ ਲੋਕਾਂ ਨੂੰ ਨਹੀਂ ਦੇ ਰਿਹਾ। ਸ਼ਾਹੂਕਾਰ ਨੂੰ ਜ਼ਿਲ੍ਹੇ ਵਿਚ ਸੱਦਿਆ ਗਿਆ। ਉਹ ਉਥੇ ਸਾਫ਼ ਮੁੱਕਰ ਗਿਆ ਕਿ ਮੇਰੇ ਪਾਸ ਕੋਈ ਸ਼ੈ ਨਹੀਂ। ਜਦੋਂ ਅਸੀਂ ਪਿੰਡ ਆਏ, ਅਸੀਂ ਸਾਰੇ ਲੋੜਵੰਦਾਂ ਨੂੰ ਇਕੱਠਾ ਕਰ ਲਿਆ ਅਤੇ ਹੱਟੀ ਦਾ ਬੂਹਾ ਲਾਹ ਕੇ ਨਵੇਂ ਦਾਣਿਆਂ ਦੇ ਇਕਰਾਰ ਤੱਕ, ਸਭ ਨੂੰ ਲੋੜ ਜਿੰਨਾ ਅਨਾਜ ਕਣਕ ਛੋਲੇ ਵਗੈਰਾ ਕੱਢ ਕੇ ਦੇ ਦਿਤੇ। ਸਾਰੀ ਹੱਟੀ ਲੁਟਾ ਦਿਤੀ। ਕੁਝ ਜਿਹੜਾ ਖੰਡ ਘਿਓ ਆਦਿ ਬਚਿਆ ਉਹਦਾ ਅਸੀਂ ਲੰਗਰ ਲਾ ਦਿਤਾ। ਹਵਨ ਕਰਨ ਲੱਗ ਪਏ। ਚੰਡੀ ਦੀ ਵਾਰ ਦਾ ਪਾਠ ਕੀਤਾ। ਕੜਾਹ ਪ੍ਰਸ਼ਾਦ ਤੇ ਲੰਗਰ ਗ਼ਰੀਬ ਗੁਰਬੇ ਵਿਚ ਵਰਤਾ ਦਿਤਾ। ਉਸ ਥਾਣੇ ਇਤਲਾਹ ਦੇ ਦਿਤੀ ਕਿ ਜਵੰਦ ਸਿੰਘ ਨੇ ਮੇਰੇ ਘਰ ਡਾਕਾ ਮਾਰਿਆ ਹੈ। ਪੁਲੀਸ ਸਾਨੂੰ ਤਿੰਨ ਜਣਿਆਂ ਨੂੰ ਫੜ ਕੇ ਲੈ ਗਈ। ਮਿੰਟਗੁਮਰੀ ਹਵਾਲਾਤ ਵਿਚ ਦੇ ਦਿਤਾ। ਉੱਥੇ ਇਕ ਆਲੋ ਮੁਹਾਰ ਜ਼ਿਲ੍ਹਾ ਸਿਆਲਕੋਟ ਦਾ ਗਣੇਸ਼ਾ ਸਿੰਘ ਦੂਆ ਨਾਂ ਦਾ ਸਿੰਘ ਰਹਿੰਦਾ ਸੀ। ਉਸ ਸਿੰਘ ਦੇ ਘਰੋਂ ਸਾਡੇ ਲਈ ਸੋਧ ਦਾ ਪ੍ਰਸ਼ਾਦ ਪਾਣੀ ਆ ਜਾਣਾ ਅਤੇ ਮੁਕਦਮਾ ਸਾਡੇ ਖਿਲਾਫ ਚੱਲ ਪਿਆ। ਉਸੇ ਡਿਪਟੀ ਕੋਲ ਮੁਕੱਦਮਾ ਲੱਗਾ ਜਿਸ ਨੂੰ ਉਸ ਬਿਆਨ ਦਿਤੇ ਸਨ ਕਿ ਮੇਰੇ ਕੋਲ ਅਨਾਜ, ਖੰਡ, ਘਿਓ ਕੋਈ ਸ਼ੈ ਨਹੀਂ ਹੈ। ਮੈਂ ਡਿਪਟੀ ਨੂੰ ਕਿਹਾ, "ਜਦੋਂ ਤੁਹਾਡੇ ਕੋਲ ਇਹਨੇ ਕੋਈ ਚੀਜ਼ ਘਰ ਨਾ ਹੋਣ ਦੇ ਬਿਆਨ ਦਿਤੇ ਹਨ ਤਾਂ ਅਸੀਂ ਇਸਦਾ ਕੀ ਲੁੱਟ ਖੋਹ ਸਕਦੇ ਸਾਂ।" ਸ਼ਾਹੂਕਾਰ ਝੂਠਾ ਹੋ ਗਿਆ। ਸੰਤਾਂ ਕਿਹਾ ਕਿ ਮੈਂ ਕਦੇ ਝੂਠ ਨਹੀਂ ਬੋਲਿਆ। ਦਾਣੇ ਜ਼ਰੂਰ ਲੁਟਾਏ ਹਨ। ਗ਼ਰੀਬਾਂ ਨੂੰ ਭੁੱਖੇ ਮਰਦਿਆਂ ਨੂੰ ਵਰਤਾਏ ਹਨ। ਜਦੋਂ ਫ਼ਸਲ ਲੱਗੇਗੀ ਉਦੋਂ ਇਸਦੇ ਦਾਣੇ ਇਹਨੂੰ ਮਿਲ ਜਾਣਗੇ। ਜੇ ਸਾਡੇ ਆਖੇ ਪਹਿਲੋਂ ਈ ਲਗ ਜਾਂਦਾ ਤਾਂ ਗੱਲ ਇੱਥੋਂ ਤੱਕ ਨਹੀਂ ਸੀ ਆਉਣੀ। ਸਾਨੂੰ ਬਰੀ ਕਰ ਦਿਤਾ ਗਿਆ। ਅਸੀਂ ਫਿਰ ਪਿੰਡਾਂ ਨੂੰ ਆ ਗਏ ਅਤੇ ਬਾਦ ਵਿਚ ਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕਰਨ ਲਈ ਸ੍ਰੀ ਭੈਣੀ ਸਾਹਿਬ ਪੁੱਜ ਗਏ।

ਸੰਤਾਂ ਅਗਲੇ ਪ੍ਰਸੰਗ ਦੀ ਲੜੀ ਤੋਰਦਿਆਂ ਹੋਇਆਂ ਬਚਨ ਕੀਤਾ, "ਅਸਾਂ ਸੱਤਰ ਚਿੱਠੀਆਂ ਵਲਾਇਤ ਦੇ ਬਾਦਸ਼ਾਹ ਨੂੰ ਲਿਖੀਆਂ ਕਿ ਜੇ ਤੁਸੀਂ ਕਹਿੰਦੇ ਹੋ ਕਿ ਸਾਡੇ ਸਤਿਗੁਰੂ ਰਾਮ ਸਿੰਘ ਜੀ ਚੜ੍ਹਾਈ ਕਰ ਗਏ ਹਨ ਤਾਂ ਸਾਨੂੰ ਉਹਨਾਂ ਦੇ ਬਸਤਰ, ਗੜਵਾ, ਪਊਏ, ਨਿੱਤਨੇਮ ਦਾ ਗੁਟਕਾ ਅਤੇ ਮਾਲਾ ਆਦਿ ਦੇ ਦਿਉ। ਉਹ ਇਹਨਾਂ ਸਾਰੀਆਂ ਚਿੱਠੀਆਂ ਮੇਰੀਆਂ ਦਾ ਕੋਈ ਜੁਆਬ ਨਹੀਂ ਸਨ ਦੇ ਸਕੇ। ਕਿਉਂਕਿ ਸਤਿਗੁਰੂ ਜੀ ਤਾਂ ਆਪਣੀ ਮਾਇਆ ਨਾਲ ਜਿਉਂ ਅਲੋਪ ਹੋ ਗਏ ਸਨ, ਸ਼ੈਆਂ ਕਿਥੋਂ ਦੇਂਦੇ। ਇਸ ਲਈ ਕਿ ਮੈਂ ਕਿਸੇ ਕੰਮ ਵਿਚ ਕਦੇ ਝੂਠ ਨਹੀਂ ਸੀ ਬੋਲਿਆ ਅਤੇ ਆਪਣੇ ਪੰਥ ਦੀ ਆਨ ਸ਼ਾਨ ਲਈ ਮੈਨੂੰ ਕੋਈ ਵੀ ਕੁਰਬਾਨੀ ਵੱਡੀ ਨਹੀਂ ਸੀ ਲੱਗਦੀ, ਗੁਰੂ ਹਰੀ ਸਿੰਘ ਜੀ ਨੇ ਖੁਸ਼ੀਆਂ ਦੇ ਘਰ ਵਿਚ ਆ ਕੇ ਮੇਰਾ ਨਾਮ 'ਜਿਉਂਦਾ ਸ਼ਹੀਦ' ਰੱਖਿਆ ਸੀ।"

ਚਾਲੀ ਚੱਕ ਤੋਂ ਫਿਰ ਦੌਰਾ ਅੱਗੇ ਚੱਲ ਪਿਆ। ਇਥੋਂ "ਹੀਰਾ ਸਿੰਘ ਦੇ ਕੋਟ" ਚਰਨ ਪਾਏ। ਅਰੋੜੇ ਸਿੰਘ ਸਨ। ਸਤਿਗੁਰੂ ਜੀ ਦੇ ਬੜੇ ਪ੍ਰੇਮੀ ਸਨ। ਇਸ ਨਗਰ ਵਿਚ ਇਕ ਬਿਰਧ ਟੇਕ ਸਿੰਘ ਨਾਮਧਾਰੀ ਸਿਖ ਸੀ। ਚਹੁੰਆਂ ਮਹੀਨਿਆਂ ਤੋਂ ਉਹ ਅੰਨ ਛੱਡ ਬੈਠਾ ਸੀ। ਉਹਦੀ ਅਭਿਲਾਖਾ ਸੀ ਕਿ ਸਰੀਰ ਸਤਿਗੁਰੂ ਜੀ ਦਾ ਦਰਸ਼ਨ ਕਰਕੇ ਛੱਡਾਂ। ਜਦੋਂ ਹਜ਼ੂਰ ਨੇ ਦਰਸ਼ਨ ਦਿਤੇ, ਖੁਸ਼ ਹੋਇਆ ਅਤੇ ਥੋੜ੍ਹੇ ਚਿਰ ਬਾਦ ਹੀ ਚਾਲਾ ਮਾਰ ਗਿਆ।

ਇਥੋਂ ਸਾਹੀਵਾਲ (ਮਿੰਟਗੁਮਰੀ ਦਾ ਪੁਰਾਣਾ ਨਾਉਂ) ਚਲੇ ਗਏ। ਇਥੇ ਜੋ ਉਪਰ ਦੱਸਿਆ ਹੈ ਗਣੇਸ਼ਾ ਸਿੰਘ ਬੜਾ ਅਚਰਜ ਸਿੰਘ ਸੀ। ਇਹਦੇ ਪਾਸ ਇਕ ਦਿਨ ਰਹਿ ਕੇ ਅਗਲੇ ਦਿਨ ਸਤਿਗੁਰੂ ਜੀ ਲਾਇਲਪੁਰ ਦੇ ਇਲਾਕੇ ਵਿਚ ਦੌਰਾ ਲੈ ਕੇ ਪਹੁੰਚ ਗਏ।

### ਜ਼ਿਲ੍ਹਾ ਲਾਇਲਪੁਰ ਦਾ ਦੌਰਾ

ਇਸ ਇਲਾਕੇ ਵਿਚ ਮੁਸਲਮਾਨ ਜਾਂਗਲੀਆਂ ਦੀ ਚੋਖੀ ਵਸੋਂ ਸੀ। ਸਵੇਰੇ ਘੋੜਿਆਂ ਉਤੇ ਹੀ ਆਸਾ ਦੀ ਵਾਰ ਲਗ ਜਾਂਦੀ। ਜਦੋਂ ਸਿੰਘ ਬਾਣੀਆਂ ਪੜ੍ਹਦੇ ਲੰਘਦੇ ਗੁਰੂ ਜੀ ਦੇ ਪਿੱਛੇ ਤਾਂ ਜਾਂਗਲੀ ਮੁਸਲਮਾਨ ਕਹਿੰਦੇ, "ਸਾਡਾ ਪੀਰ ਜਾ ਰਿਹਾ ਹੈ। ਸ਼ਹਿਰਾਂ ਕਸਬਿਆਂ ਦੇ ਅਰੋੜੇ ਖੱਤਰੀ ਹਿੰਦੂ ਮੱਤ ਵਾਲੇ ਆਖਦੇ, "ਸਾਡੇ ਭਗਵਾਨ ਜਾ ਰਹੇ ਹਨ ਅਤੇ ਸਿੱਖ ਲੋਕ ਵੇਖ ਕੇ ਕਹਿੰਦੇ, ਸਾਡੇ ਗੁਰੂ ਜੀ ਜਾ ਰਹੇ ਹਨ।" ਸਿੱਖ, ਹਿੰਦੂ, ਮੁਸਲਮਾਨ ਤਿੰਨੇ ਸਤਿਗੁਰੂ ਜੀ ਤੇ ਬਰਾਬਰ ਦਾ ਹੱਕ ਰੱਖਦੇ ਸਨ ਕਿਉਂ ਜੁ ਉਹ ਸਭ ਦਾ ਸਾਂਝਾ ਪੀਰ ਜੁ ਸੀ। ਜਿਹੜਾ ਵੀ ਆਪ ਦੇ ਦਰਸ਼ਨ ਇਕ ਵੇਰ ਕਰ ਲੈਂਦਾ ਉਹ ਤੇ ਉਮਰ ਭਰ ਵਾਸਤੇ ਖਿੱਚਿਆ ਜਾਂਦਾ ਅਤੇ ਜਿਹਦੀ ਕੰਡ ਤੇ ਪਿਆਰ ਨਾਲ ਹਸਤ ਕੰਵਲ ਫੇਰਦੇ ਉਹ ਤਾਂ ਆਪ ਦਾ ਐਸਾ ਬਣਦਾ ਕਿ ਦੌਰੇ ਦੇ ਨਾਲ ਹੀ ਤੁਰ ਪੈਂਦਾ, ਘਰ ਬਾਰ ਛੱਡ ਕੇ।

ਲਾਇਲਪੁਰ ਜ਼ਿਲ੍ਹੇ ਦੀ ਸਮੁੰਦਰੀ ਤਸੀਲ ਦੇ ਪਿੰਡ ਨਾਰੋਵਾਲ ਵਿਚ ਪੁੱਜੇ। ਨਾਰੋਵਾਲ ਤੋਂ ਸੰਗਤਾਂ ਨੂੰ ਤਾਰਦੇ ਹੋਏ ਸੱਦੋਵਾਲ ਪੁੱਜ ਗਏ ਅਤੇ ਇੱਥੋਂ ਰੱਤੇ ਹੋਏ ਦੌਰਾ ਗਿਆ। ਰੱਤੇ ਹੋਏ ਤੋਂ ਆਪ ਜੀ ਗਿੱਲ ਪਿੰਡ ਚਲੇ ਗਏ ਅਤੇ ਉਥੇ ਜਾ ਕੇ 1972 ਬਿਕ੍ਰਮੀ ਮੁਤਾਬਿਕ 1916 ਈ. ਦਾ ਹੋਲਾ ਮਹੱਲਾ ਮਨਾਇਆ। ਇਹ ਗਿੱਲ ਸ਼ੇਖੂਪੁਰੇ ਜ਼ਿਲ੍ਹੇ ਵਿਚ ਸਨ।

### ਕੇਸਰ ਕਿੱਲੀ ਦੀ ਰਾਮ ਰੇਲ ਤੇ ਹੋਲਾ ਗਿੱਲ

ਓਧਰ ਜਿਸ ਦਿਨ ਗਿੱਲਾਂ ਵਾਲੇ ਹੋਲੇ ਦਾ ਭੋਗ ਪੈਣਾ ਸੀ ਅੰਮ੍ਰਿਤਸਰ ਜਲ੍ਹਿ ਦੀ ਨਾਮਧਾਰੀ ਸੰਗਤ ਨੇ ਜੋ ਕਿਸੇ ਕਾਰਨ ਹੋਲੇ ਤੇ ਪਹਿਲੋਂ ਪੁੱਜ ਨਹੀਂ ਸੀ ਸਕੀ, ਸੰਤ ਕੇਸਰ ਕਿੱਲੀ ਜੀ ਨੂੰ ਬੇਨਤੀ ਕੀਤੀ ਕਿ ਸੰਤ ਜੀ ਅਸੀਂ ਹੋਲੇ ਦਾ ਮੇਲਾ ਵੇਖਣਾ ਏ। ਸੰਤਾਂ ਮੁਹਾਵੇ ਵਾਲਿਆਂ(ਇਹ ਸੰਤ ਪੂਰਨ ਬ੍ਰਹਮ ਗਿਆਨੀ ਅਤੇ ਅੱਠੇ ਪਹਿਰ ਹੀ ਬ੍ਰਹਮ ਅਤੇ ਉਹਦੀ ਖਲਕਤ ਵਿਚ ਲੀਨ ਰਹਿੰਦੇ ਸਨ) ਆਖਿਆ, ਇੰਜਣ ਬਣਦਾ ਹਾਂ ਅਤੇ ਤੁਸੀਂ ਸਾਧ ਸੰਗਤ ਜੀ, ਰੇਲ ਗੱਡੀ ਦੇ ਡੱਬੇ ਬਣ ਜਾਉ। ਪੁਰਾਣੇ ਕੂਕੇ ਕਈ ਅਜੇ ਵੀ ਅੰਗ੍ਰੇਜ਼ਾਂ ਦੀ ਚਲਾਈ ਹੋਈ ਰੇਲ ਤੇ ਨਹੀਂ ਸਨ ਚੜ੍ਹਦੇ, ਮਤੇ ਸਫ਼ਰ ਦੇ ਸੁੱਖ ਸਦਕਾ ਸਾਡੇ ਮਨਾਂ ਵਿਚ ਰੰਚਕ ਮਾਤਰ ਭੀ ਅੰਗ੍ਰੇਜ਼ ਭਗਤੀ ਆ ਜਾਏ। ਦੂਜਾ ਜਜ਼ਬਾਤੀ ਤੌਰ ਤੇ ਵੀ ਕੂਕੇ ਰੇਲ ਗੱਡੀ ਨੂੰ ਆਪਣੀ ਦੁਸ਼ਮਣ ਸਮਝਦੇ ਸਨ ਕਿਉਂ ਜੁ ਸਤਿਗੁਰੂ ਰਾਮ ਸਿੰਘ ਜੀ ਨੂੰ ਉਹਨਾਂ ਦੀ ਮਾਤ ਭੂਮੀ ਤੋਂ ਦੂਰ ਦੁਰੇਡੀਆਂ ਪ੍ਰਦੇਸੀ ਧਰਤੀਆਂ ਤੱਕ ਰੇਲ ਗੱਡੀ ਹੀ ਲੈ ਕੇ ਗਈ ਸੀ। ਇਸ ਲਈ ਉਹ ਸ਼ਬਦ ਪੜ੍ਹਿਆ ਕਰਦੇ ਸਨ:

"ਟੁੱਟ ਜਾਏਂ ਰੇਲ ਗੱਡੀਏ,
ਸਾਡੇ ਗੁਰਾਂ ਦਾ ਵਿਛੋੜਾ ਪਾਇਆ।"

ਹੁਣ ਸੰਤ ਠਾਕੁਰ ਜੀ ਰੇਲ ਗੱਡੀ ਦਾ ਸਵਾਂਗ ਧਾਰਨ ਲੱਗੇ ਹਨ। ਸੰਗਤ ਨੂੰ ਕਿਹਾ ਕਿ ਮੈਂ ਤਾਂ ਆਖਾਂਗਾ ਰਾਰਾ ਰਾਰਾ... ਤੁਸੀਂ ਸਾਰਿਆਂ ਨੇ ਜਾਪ ਚਾਰ ਅੱਖਰ ਦਾ ਹੀ ਕਰਨਾ। ਸੰਤ ਜ਼ਿਆਦਾ ਸਮਾਂ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਦੇ ਪਹਿਲੇ ਅੱਖਰ ਦਾ ਹੀ ਜਾਪ ਕਰਿਆ ਕਰਦੇ ਸਨ। ਮਸਤੀ ਦੇ ਆਲਮ ਵਿਚ ਵਿਚਰਦੇ ਸਨ। ਉਹਨਾਂ ਦੀ ਆਪਣੀ ਆਤਮਕ ਅਵਸਥਾ ਬਹੁਤ ਉੱਚੀ ਸੀ। ਰਹਿਤ ਮਰਿਯਾਦਾ ਦੇ ਬੰਧਨ ਉਨ੍ਹਾਂ ਲਈ ਕਰਮ ਖੰਡ ਦੀਆਂ ਚੀਜ਼ਾਂ ਸਨ, ਉਹ ਆਪ ਗਿਆਨ ਖੰਡ ਦੇ ਵਾਸੀ ਹੋ ਕੇ ਸੱਚਖੰਡ ਦੇ ਬੂਹੇ ਵੱਲ ਵੀ ਕਦੇ ਕਦੇ ਝਾਤੀਆਂ ਮਾਰ ਲੈਂਦੇ ਸਨ। ਇਸ ਲਈ ਉਹ ਦੂਜੇ ਸਾਧੂਆਂ, ਜਗਿਆਸੂਆਂ ਨੂੰ ਆਪਣੇ ਵਾਲਾ ਨਾਮ ਦੱਸਣ ਦੀ ਬਜਾਏ ਗੁਰੂ ਜੀ ਦੁਆਰਾ ਦੱਸੇ ਨਾਮ ਦੇ ਹੀ ਲੜ ਲਾਉਂਦੇ ਸਨ। ਮੁਹਾਵੇ ਤੋਂ ਇਹ ਨਗਰ ਗਿੱਲ ਪੂਰੇ ਸੱਠ ਕੋਹ ਸੀ। (ਇਕ ਕੋਹ ਤਕਰੀਬਨ ਸਵਾ ਕੁ ਦੋ ਕਿਲੋਮੀਟਰ ਦਾ ਹੁੰਦਾ ਹੈ) ਸੰਤਾਂ ਦੀ ਰਾਮ ਰੇਲ ਤੜਕੇ ਚੱਲ ਕੇ ਹੋਲੇ ਮਹੱਲੇ ਦੇ ਭੋਗ ਦੇ ਵੇਲੇ ਨੂੰ ਪਿੰਡ ਗਿੱਲਾਂ ਵਿਚ ਪਹੁੰਚ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਚੁੱਕੀ ਸੀ। ਸੰਗਤ ਵਿਚ ਬਿਰਧ ਵੀ ਸਨ ਅਤੇ ਬੱਚੇ ਤੇ ਮਾਈਆਂ ਵੀ। ਕਿਸੇ ਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਉਹ ਮੁਹਾਵੇ ਤੋਂ ਚੱਲੇ ਸਨ ਤੇ ਕਦੋਂ ਅਤੇ ਕਿਵੇਂ ਗਿੱਲੀ ਪਹੁੰਚ ਗਏ ?

ਸੰਤਾਂ ਦੀ ਬਿਰਤੀ ਬਹੁਤ ਉੱਚੀ ਸੀ। ਇਕ ਵੇਰ ਸਿਰਹਾਲੀ ਵਿਖੇ ਇਕ ਨਾਂਗਾ ਸਾਧ ਇੰਦਰ ਦਾਸ ਆਪਣੇ ਡੇਰੇ ਤੋਂ ਪਿੰਡ ਵਿਖੇ ਸੰਤ ਜਿਊਣ ਸਿੰਘ ਸਿਰਹਾਲੀ ਦੇ ਘਰ ਗਿਆ। ਸੰਤਾਂ ਦੀ ਧਰਮ ਪਤਨੀ ਨੇ ਸਾਧ ਨੂੰ ਵਿਛੇ ਬਿਸਤਰੇ 'ਤੇ ਬੈਠਾ ਕੇ ਦੁੱਧ ਭੇਟ ਕੀਤਾ। ਬਾਹਰੋਂ ਸੰਤ ਜਿਊਣ ਸਿੰਘ ਹੋਰੀਂ ਆ ਗਏ। ਇੰਦਰ ਦਾਸ ਦੀ ਚੰਗੀ ਪੁਸ਼ਾਕ, ਗਲ ਕੈਂਠਾ, ਅੱਖਾਂ ਵਿਚ ਸੁਰਮਾ, ਚੰਗਾ ਬਣਦਾ ਫੱਬਦਾ, ਸਾਧ ਚੋਬਰ ਜਿਹਾ। ਵੈਸੇ ਸੰਤਾਂ ਦਾ ਮਿੱਤਰ ਵੀ ਸੀ।

**ਚਲਦਾ.....**

# Humility – The Essence of *Sikhi*

**Alla Singh**
**9971846875**



In *Langar*, people from all walks of life—rich or poor, high caste or low caste—sat together as equals to share a meal. This practice was a radical statement against the caste system and social divisions of the time.

Another example of Guru Nanak's inclusivity was his relationship with Bhai Mardana, a Muslim companion who traveled with him throughout his life. Bhai Mardana was a trusted friend and follower of Guru Nanak, and his inclusion in Guru Nanak's journey showed that spirituality transcends religious labels. Together, they sang hymns that spoke of unity and oneness, spreading a message that resonated with people from all backgrounds.

**What If People Had Been Rigid?**

Imagine if Guru Nanak's message had been ignored or rejected by the people of his time. What if, instead of embracing his teachings of unity, people had clung to their rigid religious beliefs, further deepening the divisions between communities? It is not difficult to see how such an alternate history might have played out—religious conflicts could have escalated, caste-based discrimination might have become even more entrenched, and the spirit of inclusivity and oneness might have been lost.

But history took a different turn because people from diverse backgrounds opened their hearts to Guru Nanak's message. Hindus, Muslims, and Sikhs alike recognized the universal truth in his teachings. They realized that Guru Nanak's message was not about converting people to a particular faith, but about transcending labels and divisions. His followers came from all walks of life, united by the belief that God is one and that all humans are equal in the eyes of the Divine.

If people had been rigid and closed-minded, the richness of Sikhi—its inclusivity, compassion, and egalitarian values—might never have flourished. The world would have been deprived of the beautiful traditions of *Langar*, *Seva* (selfless service), and the emphasis on community welfare that defines the Sikhi tradition.

**Learning from the Early Sikhs: Humility in Action**

The early followers of Guru Nanak set a powerful example of how to live with humility and patience. They were not just adherents of a new religious path, but practitioners of

values that transcended religious identity. These early Sikhs embodied the spirit of *Seva*—selfless service—by dedicating their lives to the welfare of others. Whether it was through feeding the hungry, caring for the sick, or building communities based on equality and justice, they demonstrated that humility is not about bowing down to others but lifting others up.

For today's Sikhs, and for youth in general, there is much to learn from these early followers. In a world where success is often measured by individual achievement and status, the early Sikhs remind us that true greatness lies in serving others. They showed that a humble heart is one that is open to compassion and understanding, qualities that are essential for building a harmonious society.

In modern times, when religious and social divisions still exist, the youth can take inspiration from these early Sikhs to rise above these barriers and build bridges of understanding. Whether through participating in *Langar* or engaging in community service, the practice of humility and patience can lead to personal growth and contribute to a more inclusive and compassionate world.

**Bhai Ghanaiya ji: The practical example of humility in action**

Bhai Ghanaiya Ji would give water to wounded soldiers on both sides of the battlefield, Sikh and Mughal alike, much to the dismay of some of his fellow Sikhs who felt he was aiding the enemy. When brought before Guru Gobind Singh Ji, he explained that he saw no enemy, only the Divine presence in every human being. The Guru blessed his actions, emphasizing that true Sikhi transcends worldly divisions. This story delivers a potent reminder: being Sikh is not just about external appearances like the 5 Kakkars but about embodying the deeper values of compassion, humility, and oneness with humanity that Gurbani teaches.

This pragmatic message from Gurbani stands in sharp contrast to the behavior we sometimes observe in today's youth, particularly those who claim to uphold the Khalsa identity but act in ways that are deeply contradictory to Sikh values.

**Examining the reasons for erratic Youth's behavior**

At the core of this behavior lies cognitive dissonance—a psychological state where a person experiences discomfort due to holding two conflicting beliefs or values. In this case, many youth know deep down that they are not fully embodying the ethical and spiritual teachings of Sikhi, but they still want to maintain a strong religious identity. To resolve this dissonance, they may engage in outwardly aggressive or rebellious behaviors, including verbal abuse, as a way to affirm their belonging to the faith.

By acting this way, they project toughness and belonging to a particular identity, while internally they are trying to suppress their awareness of not living up to the ideals of the Guru. This process is not done consciously, but it becomes a coping mechanism to escape the guilt or shame of not living a virtuous life as dictated by Gurbani.

From an anthropological standpoint, the issue is further complicated by peer dynamics and group identity. Many of these individuals find themselves in social circles where negative behaviors, including abusing or acting in hyper-masculine ways, are normalized. This creates an environment where, rather than being corrected or guided towards a better path, such behaviors are reinforced.

These "rogue groups" offer a sense of belonging and acceptance, creating a social structure where being loud, offensive, or confrontational is seen as a form of power. These youth often equate this form of aggression with defending their religion or culture, but in reality, it is a shallow representation of what Sikhi stands for.

**Breaking Out of the Bubble: A Path to Authentic Spirituality**

To help youth break free from this **Identity Bubble**, several psychological and social interventions can be recommended:

**1. Encourage Self-Reflection and Spiritual Growth**

One of the key aspects of Sikhi is self-reflection, or *Antar Mukhi*—turning inward to examine one's intentions, behaviors, and spiritual alignment. Youth must be encouraged to engage in regular introspection through practices such as *Simran* (meditative repetition of God's name) or studying Gurbani. As they deepen their understanding of Sikh teachings, the aggressive tendencies can be replaced by a more authentic and compassionate expression of faith.

**2. Rebuild Positive Peer Communities**

Communities and families can play a critical role in creating positive environments that reinforce the true values of Sikhi. Youth should be encouraged to engage with mentors or peers who inspire them to embody humility, service, and kindness—rather than those who glorify aggression or divisiveness. Gurdwaras, Sikh camps, and youth groups can help cultivate healthier identities based on service, inclusion, and respect.

**3. Address Cognitive Dissonance with Positive Reinforcement**

To address the cognitive dissonance that arises from feeling disconnected from one's own ideals, young people need support in building healthy religious identities. This can be achieved through personalized spiritual guidance, positive role models, and an environment where they are free to express vulnerabilities and ask questions without judgment. Acknowledging their struggles without guilt or shame will empower them to grow spiritually.

**4. Reframe Belonging as Service to Humanity**

The concept of *Sewa*—selfless service—is foundational to Sikhi. By re-emphasizing that belonging to the Khalsa is not about aggression but about serving humanity, youth can shift their focus away from verbal and physical displays of power.

Engaging in community service projects, helping the needy, and performing acts of kindness are practical ways they can express their Sikh identity positively.

**Walking the Path of Humility in Modern Times**

The teachings of Sikh history, from Guru Nanak's inclusive message to Guru

Ramdas's profound humility, offer timeless lessons for today's youth. In a world where religious identity can sometimes become a source of division rather than unity, the values of patience, humility, and service are more relevant than ever.

The youth of today, particularly those who aspire to be religious, can draw inspiration from the early followers of the Sikhi tradition who lived these values every day. By embracing humility, they can rise above the ego and see the divine in everyone, just as Guru Nanak taught. By practicing patience, they can navigate the challenges of life with grace, knowing that true success lies not in material wealth or status, but in the relationships we build and the lives we touch.

Ultimately, humility is not just a personal virtue—it is the foundation of a compassionate and inclusive society. It is the key to building communities where people of all backgrounds can come together in the spirit of unity and service. For today's youth, humility is the path to a more meaningful, fulfilling, and connected life, both as individuals and as members of a larger global community.

.......................................................

## ਬਾਬਾ ਬੁੱਢਾ ਸਿੰਘ ਵਾਂ

ਕਹਿਣ ਲੱਗੇ ਹੁਣ ਹੋਰ ਜੋੜੇ ਦੀ ਲੋੜ ਨਹੀਂ ਸਮਾਂ ਹੀ ਥੋੜਾ ਜਿਹਾ ਆਪਣਾ ਅਤੇ ਅੰਮ੍ਰਿਤਸਰ ਦਾ ਵੀ ਇਹ ਆਖਰੀ ਦਰਸ਼ਨ ਮੇਲਾ। 1898 ਈ. ਵਿੱਚ ਬਾਬਾ ਬੁੱਢਾ ਸਿੰਘ ਜੀ ਸਵਰਗਵਾਸ ਹੋ ਜਾਂਦੇ ਨੇ। ਮਾਝੇ ਦੇ ਇਲਾਕੇ ਦੇ ਵਿੱਚ ਬਹੁਤ ਸਮੇਂ ਤੱਕ ਉਹਨਾਂ ਦੇ ਪ੍ਰਸੰਗ ਸਿੱਖਾਂ ਵਿੱਚ ਚਲਦੇ ਨੇ। ਇੱਕ ਪ੍ਰਸੰਗ ਮੈਂ ਆਪਣੇ ਨਾਨੇ ਆਤਮਾ ਸਿੰਘ ਨਾਲ ਸੰਬੰਧਿਤ ਉਹਨਾਂ ਦੇ ਪਰਿਵਾਰ ਵਿੱਚੋਂ ਸੁਣਦਾ ਰਿਹਾਂ। ਜਿਹੜਾ ਬਾਬਾ ਬੁੱਢਾ ਸਿੰਘ ਜੀ ਨਾਲ ਸੰਬੰਧਿਤ ਹੈ। ਆਤਮਾ ਸਿੰਘ ਸਰਦਾਰ ਸ਼ਾਮ ਸਿੰਘ ਸਰਹਾਲੀ ਵਾਲੇ ਦੇ ਪੋਤਰੇ ਸਨ। ਅਤੇ ਭਾਈ ਕਿਸ਼ਨ ਸਿੰਘ ਮੀਹਾਂ ਸਿੰਘ ਜੀਊਣ ਸਿੰਘ ਹੋਰਾਂ ਦੇ ਭਾਈ ਦੇ ਪੁੱਤਰ ਸਨ। ਇੱਕ ਦਿਨ ਉਹਨਾਂ ਦਾ ਪਿਤਾ ਕ੍ਰਿਸ਼ਨ ਸਿੰਘ ਕਹਿੰਦਾ ਕਿ ਆਤਮਾ ਸਿੰਘ ਉਹ ਅਜੇ ਪੂਰੇ ਜਵਾਨ ਵੀ ਨਹੀਂ ਤੇ ਬਚਪਨ ਤੋਂ ਵੀ ਬਾਹਰ ਆ ਗਏ ਨੇ ਕਿ ਜਾ ਜਿਹੜੀ ਮੱਝ ਭਾੜੇ ਤੇ ਮਿਲਦੀ ਹੈ, ਇਹਦੇ ਲਈ ਕਰਾੜੀ ਪੁੱਟ ਲਿਆ, ਕਰਾੜੀ ਇੱਕ ਨਦੀਨ ਹੈ। ਜਿਹੜਾ ਕਣਕਾਂ ਚ ਉੱਗਦਾ ਹੈ, ਮਾਝੇ ਦੀ ਬੋਲੀ 'ਚ ਉਹਨੂੰ ਕਰਾੜੀ ਕਹਿੰਦੇ ਨੇ। ਉਹ ਜਾਂਦੇ ਨੇ ਪੱਠੇ ਵਾਸਤੇ ਉਹਨੂੰ ਪੁੱਟ ਲਿਆਉਂਦੇ ਹਨ। ਜਿਸ ਵੇਲੇ ਉਹ ਲੈਣ ਗਏ ਤਾਂ ਰਸਤੇ ਚ ਉਹਨਾਂ ਵੇਖਿਆ ਕਿ ਛੋਲੇ ਨੇ ਅਤੇ ਛੋਲਿਆਂ ਦੇ ਖੇਤ ’ਚ ਸਰੋਂ ਦੇ ਉੜੇ ਨੇ ਉਹਨਾਂ ਨੇ ਉਹ ਸਰੋਂ ਪੁੱਟ ਲਈ ਤੇ ਸਰੋਂ ਲਿਆ ਕੇ ਮੱਝ ਨੂੰ ਪਾ ਦਿੱਤੀ ਤੇ ਰਾਤ ਸੌਂ ਗਏ ਤੇ ਸੁਪਨੇ ’ਚ ਦਰਸ਼ਨ ਹੋਇਆ ਸੁਪਨੇ ’ਚ ਕੀ ਵੇਖਦੇ ਨੇ ਕਿ ਕਾਲੀ ਕੰਬਲੀ ਦੀ ਬੁੱਕਲ ਮਾਰੀ ਹੈ, ਚਰਨਾਂ ’ਚ ਪਊਏ ਨੇ। ਉਹਦੇ ਸਾਹਮਣੇ ਫਿਰਦੇ ਨੇ ਉਹ ਡਰ ਜਾਂਦੇ ਨੇ ਡਰ ਕੇ ਚੋਰ-ਚੋਰ ਕਹਿੰਦੇ ਨੇ। ਗੁਆਂਢੀ ਕੋਠਿਆਂ ਤੇ ਚੜ੍ਹ ਗਏ ਪੁੱਛਦੇ ਨੇ ਚੋਰ ਦਾ ਪਹਿਰਾਵਾ ਕੀ ਹੈ? ਉਹ ਕਹਿੰਦਾ ਕਾਲੀ ਕੰਬਲੀ ਹੈ ਤੇ ਚਰਨਾਂ ਤੇ ਪੈਰਾਂ ਤੇ ਪਊਏ ਨੇ। ਘਰਦਿਆਂ ਨੇ ਤੇ ਦੂਜਿਆਂ ਨੇ ਆਖਿਆ ਵੇ ਨਹੀਂ ਚੋਰ ਇਹੋ ਜਿਹੇ ਨਹੀਂ ਹੁੰਦੇ। ਫਿਰ ਸੌਂਦਾ ਫੇਰ ਉਸ ਤਰ੍ਹਾਂ ਹੀ ਦਰਸ਼ਨ ਹੁੰਦੇ ਨੇ ਤੇ ਹੁਕਮ ਹੁੰਦਾ ਕਿ ਸਿੱਖਾ ਚੋਰੀ ਨਹੀਂ ਕਰੀਦੀ।ਵੱਡਿਆਂ ਨਾਲ ਗੱਲ ਕੀਤੀ ਉਹਨਾਂ ਆਖਿਆ ਇਹ ਤਾਂ ਸਤਿਗੁਰੂ ਜੀ ਆਏ ਸੀ ਤੂੰ ਕੱਲ ਅਵੱਗਿਆ ਕੀਤੀ। ਜਿਹੜੀ ਚੋਰੀ ਦੀ ਸਰੋਂ ਪੁੱਟੀ ਹੈ। ਮਸਤਾਨਾ ਹੋਇਆ ਵਾਂ ਪਿੰਡ ਲਾਗੇ ਸੀ ਉਧਰ ਨੂੰ ਭੱਜ ਤੁਰਿਆ ਅੱਗੋਂ ਬਾਬਾ ਬੁੱਢਾ ਸਿੰਘ ਜੀ ਤੁਰੇ ਆਉਂਦੇ ਨੇ ਉਹ ਆਂਦੇ, ਉਹ ਆਤਮਿਆਂ ਚੋਰੀ ਦੇ ਪੱਠੇ ਪੁੱਟ ਕੇ ਰਾਤ ਹੀ ਗੋਬਿੰਦ ਦੇ ਦਰਸ਼ਨ ਕਰ ਲਏ ਇਹ ਇਸ ਤਰ੍ਹਾਂ ਦੀ ਉੱਚੀ-ਸੁੱਚੀ ਬਿਰਤੀ ਵਾਲੇ ਉਹ ਮਹਾਂਪੁਰਖ ਸਾਧੂ ਸਨ। ਸਤਿਗੁਰੂ ਰਾਮ ਸਿੰਘ ਦੀ ਇਸ ਫੁਲਵਾੜੀ ਵਿੱਚ ਇਸ ਤਰ੍ਹਾਂ ਦੇ ਸਾਧੂਆਂ ਦਾ ਕੋਈ ਘਾਟਾ ਨਹੀਂ। ਸਤਿਗੁਰੂ ਕਿਰਪਾ ਕਰਨ ਸਾਡੇ ਮਨਾਂ ਵਿੱਚ ਵੀ ਉਹਨਾਂ ਦੀ ਵੱਡੀ ਕੀਰਤੀ ਦਾ ਕੋਈ ਇੱਕ ਅੱਧਾ ਤਿਨਕਾ ਜੇ ਸਮਾ ਜਾਵੇ ਤੇ ਸਾਡਾ ਵੀ ਜੀਵਨ ਸਫਲ ਹੋ ਸਕਦਾ। ਸਤਿਗੁਰੂ ਜੀ ਤੇ ਸੰਗਤ ਦਾ ਕੋਟਾਨ ਕੋਟ ਧੰਨਵਾਦ।

.......................................................

# How ChatGPT robs students of motivation to write and think for themselves



**Naomi S. Baron**
Professor of Linguistics Emerita, American University

When the company OpenAI launched its new artificial intelligence program, ChatGPT, in late 2022, educators began to worry. ChatGPT could generate text that seemed like a human wrote it. How could teachers detect whether students were using language generated by an AI chatbot to cheat on a writing assignment?

As a linguist who studies the effects of technology on how people read, write and think, I believe there are other, equally pressing concerns besides cheating. These include whether AI, more generally, threatens student writing skills, the value of writing as a process, and the importance of seeing writing as a vehicle for thinking.

As part of the research for my new book on the effects of artificial intelligence on human writing, I surveyed young adults in the U.S. and Europe about a host of issues related to those effects.

They reported a litany of concerns about how AI tools can undermine what they do as writers. However, as I note in my book, these concerns have been a long time in the making.

**Users see negative effects**

Tools like ChatGPT are only the latest in a progression of AI programs for editing or generating text. In fact, the potential for AI undermining both writing skills and motivation to do your own composing has been decades in the making.

Spellcheck and now sophisticated grammar and style programs like Grammarly and Microsoft Editor are among the most widely known AI-driven editing tools. Besides correcting spelling and punctuation, they identify grammar issues as well as offer alternative wording.

AI text-generation developments have included autocomplete for online searches and predictive texting. Enter “Was Rome” into a Google search and you're given a list of choices like “Was Rome built in a day.” Type “ple” into a text message and you're offered “please” and “plenty.” These tools inject themselves into our writing endeavors without being invited, incessantly asking us to

follow their suggestions.

Young adults in my surveys appreciated AI assistance with spelling and word completion, but they also spoke of negative effects. One survey participant said that "At some point, if you depend on a predictive text [program], you're going to lose your spelling abilities." Another observed that "Spellcheck and AI software ... can ... be used by people who want to take an easier way out."

One respondent mentioned laziness when relying on predictive texting: "It's OK when I am feeling particularly lazy."

**Personal expression diminished**

AI tools can also affect a person's writing voice. One person in my survey said that with predictive texting, "[I] don't feel I wrote it."

A high school student in Britain echoed the same concern about individual writing style when describing Grammarly: "Grammarly can remove students' artistic voice. ... Rather than using their own unique style when writing, Grammarly can strip that away from students by suggesting severe changes to their work."

In a similar vein, Evan Selinger, a philosopher, worried that predictive texting reduces the power of writing as a form of mental activity and personal expression.

"[B]y encouraging us not to think too deeply about our words, predictive technology may subtly change how we interact with each other," Selinger wrote. "[W]e give others more algorithm and less of ourselves. ... [A] utomation ... can stop us thinking."

In literate societies, writing has long been recognized as a way to help people think. Many people have quoted author 'Flannery OConnor's comment that "I write because I don't know what I think until I read what I say." A host of other accomplished writers, from William Faulkner to Joan Didion, have also voiced this sentiment. If AI text generation does our writing for us, we diminish opportunities to think out problems for ourselves.

One eerie consequence of using programs like ChatGPT to generate language is that the text is grammatically perfect. A finished product. It turns out that lack of errors is a sign that AI, not a human, probably wrote the words, since even accomplished writers and editors make mistakes. Human writing is a process. We question what we originally wrote, we rewrite, or sometimes start over entirely.

**Challenges in schools**

When undertaking school writing assignments, ideally there is ongoing dialogue between teacher and student: Discuss what the student wants to write about. Share and comment on initial drafts. Then it's time for the student to rethink and revise. But this practice often doesn't happen. Most teachers

don't have time to fill a collaborative editorial – and educational – role. Moreover, they might lack interest or the necessary skills, or both.

Conscientious students sometimes undertake aspects of the process themselves – as professional authors typically do. But the temptation to lean on editing and text generation tools like Grammarly and ChatGPT makes it all too easy for people to substitute ready-made technology results for opportunities to think and learn.

Educators are brainstorming how to make good use of AI writing technology. Some point up AI's potential to kick-start thinking or to collaborate. Before the appearance of ChatGPT, an earlier version of the same underlying program, GPT-3, was licensed by commercial ventures such as Sudowrite. Users can enter a phrase or sentence and then ask the software to fill in more words, potentially stimulating the human writer's creative juices.

**A fading sense of ownership**

Yet there's a slippery slope between collaboration and encroachment. Writer Jennifer Lepp admits that as she increasingly relied on Sudowrite, the resulting text “didn't feel like mine anymore. It was very uncomfortable to look back over what I wrote and not really feel connected to the words or ideas.”

Students are even less likely than seasoned writers to recognize where to draw the line between a writing assist and letting an AI text generator take over their content and style.

As the technology becomes more powerful and pervasive, I expect schools will strive to teach students about generative AI's pros and cons. However, the lure of efficiency can make it hard to resist relying on AI to polish a writing assignment or do much of the writing for you. Spellcheck, grammar check and autocomplete programs have already paved the way.

**Writing as a human process**

I asked ChatGPT whether it was a threat to humans' motivation to write. The bot's response:

“There will always be a demand for creative, original content that requires the unique perspective and insight of a human writer.”

It continued: “[W]riting serves many purposes beyond just the creation of content, such as self-expression, communication, and personal growth, which can continue to motivate people to write even if certain types of writing can be automated.”

I was heartened to find the program seemingly acknowledged its own limitations.

My hope is that educators and students will as well. The purpose of making writing assignments must be more than submitting work for a grade. Crafting written work should be a journey, not just a destination.

..................................................

# ਕਾਵਿ-ਕਿਆਰੀ

## ਚਰਨ ਕਮਲ ਦੀ ਮੌਜ ਇਲਾਹੀ

(ਅੱਸੂ ਦੇ ਮੇਲੇ ਤੇ ਮਾਤਾ ਭੁਪਿੰਦਰ ਕੌਰ ਜੀ ਨੂੰ ਸਮਰਪਿਤ, ਕਵੀ ਦਰਬਾਰ ਵਿੱਚ ਪੜ੍ਹੀ ਗਈ ਕਵਿਤਾ।)

ਊਸ਼ਾ ਰਾਣੀ ਸਦ ਨਵੇਲੀ, ਪੌਣਾਂ ਮੰਗਲ ਗਾਇਆ।
ਸੁੰਦਰ ਸਿੰਘ ਸੋਹੂ ਦੇ ਵਿਹੜੇ, ਚਰਨ ਲੱਛਮੀ ਪਾਇਆ।
ਭਗਤੀ, ਸ਼ਕਤੀ ਅਤੇ ਸੁਰਸਤੀ, ਤਿੰਨੇ ਕੱਠੀਆਂ ਹੋਈਆਂ।
ਗੁਰੂ ਸਰ ਦੇ ਪੱਤਣਾਂ ਉੱਤੇ, ਨਾਚ ਕਰਨ ਖੁਸ਼ਬੋਈਆਂ।
ਅਰਸ਼ ਅੱਲ੍ਹਾ ਤੋਂ ਨੂਰ ਉਤਰਿਆ, ਹੋਈ ਜੱਗ ਰੁਸ਼ਨਾਈ।
ਮਾਤਾ ਰਾਮ ਕੌਰ ਨੇ ਝੋਲੀ, ਲੱਪ ਰਿਸ਼ਮਾਂ ਦੀ ਪਾਈ।
ਦੂਰ ਦੁਮੇਲੋਂ ਚਾਨਣ ਆਇਆ, ਘਰ ਬਾਹਰ ਰੁਸ਼ਨਾਇਆ।
ਮਾਂ ਦੀ ਮਮਤਾ ਲੋਚੀ ਦੇਵੇ, ਬਾਬਲ ਲਾਡ ਲਡਾਇਆ।
ਆਈ ਦੂਜੀ ਭੈਣ ਵੀਰਾਂ ਦੀ, ਵੀਰੋ ਨਾਮ ਧਰਾਇਆ।
ਮੀਹਾਂ ਸਿੰਘ, ਕਿਰਪਾਲ ਤੇ ਨਾਹਰ, ਭਾਈਆਂ ਚਾਉ ਮਨਾਇਆ।
ਹੁਕਮਾ ਸਿੰਘ ਸੂਬੇ ਦੀ ਸੰਗਤ, ਬੀਬੀ ਵੀਰੋ ਮਾਣੀ।
ਉਹਨਾਂ ਤੋਂ ਹੀ ਲਈ ਸੰਥਿਆ, ਪਾਠ ਸਿੱਖੇ ਗੁਰਬਾਣੀ।
ਸੁੰਦਰ ਸਿੰਘ ਨੇ ਜਾਂਦੀ ਵਾਰੀ, ਟੱਬਰ ਪਾਸ ਬਹਾਇਆ।
ਆਪਣੇ ਦਿਲ ਦਾ ਫੁਰਨਾ ਉਸਨੇ, ਉਹਨਾਂ ਇੰਜ ਸੁਣਾਇਆ।
ਧੀਆਂ ਕਦੇ ਘਰੇ ਨਾਂ ਰੱਖਣ, ਕੀ ਰਾਜਾ ਕੀ ਰਾਣੀ।
ਨਾਲ ਗੁਰੂ ਪ੍ਰਤਾਪ ਵਿਆਹਾਂ, ਆਪਣੀ ਧੀ ਧਿਆਣੀ।
ਭੈਣੀ ਸਾਹਿਬੋਂ ਜੰਞ ਚੜ੍ਹੀ ਤੇ, ਵਿੱਚ ਗੁਰੂ ਸਰ ਆਈ।
ਉਨੀ ਸੌ ਚੌਦਾਂ ਦਾ ਬਾਰਾਂ, ਜਾਣ ਤਰੀਕ ਸਤਾਈ।
ਆਸਾ ਦੀ ਵਾਰ ਨੇ ਅੰਮ੍ਰਿਤ ਵੇਲੇ, ਪਾ ਦਿਤੀਆਂ ਘੁਮਕਾਰਾਂ।
ਚਿੱਟ ਚਿਟਾਣ ਗੁਰੂ ਸਰ ਹੋਇਆ, ਕੂਕੇ ਫਿਰਨ ਹਜ਼ਾਰਾਂ।
ਹਵਨ ਹੋਇਆ ਤੇ ਵੇਦੀ ਗੱਡੀ, ਕੀਤੇ ਗੰਢ ਚਿਤਰਾਵੇ।
ਸੂਹੀ ਰਾਗ ਦੀਆਂ ਪੜ੍ਹ ਲਾਵਾਂ, ਮੰਗਲ ਸ਼ਬਦ ਸੁਹਾਵੇ।
ਕਿਸੇ ਗੁਰੂ ਦਾ ਇਸ ਤੋਂ ਪਹਿਲਾਂ ਇੰਜ ਕਾਰਜ ਨਾ ਹੋਇਆ।
ਰੀਤ ਅਨੰਦੀ ਕੁੱਲ ਨਿਬਾਹ ਕੇ, ਜੱਗ ਨੂੰ ਦਿੱਤਾ ਢੋਇਆ।
ਮਾਤਾ ਜੀਵਨ ਕੌਰ ਜੀ ਖੁਸ਼ੀਆਂ, ਭੈਣੀ ਸਾਹਿਬ ਮਨਾਈਆਂ।
ਪਿੰਡ ਤੇ ਆਸ ਪਾਸ ਦੇ ਲੋਕੀਂ, ਆਏ ਦੇਣ ਵਧਾਈਆਂ।
ਲੰਗਰ ਵਾਲੇ ਮੰਦਰਾਂ ਉੱਤੇ, ਜਾਮਨ ਪਾਸ ਚੁਬਾਰਾ।
ਬੀਬੀ ਵੀਰੋਂ ਜੀ ਨੇ ਕੀਤਾ, ਜਿਸ ਤੇ ਆਣ ਉਤਾਰਾ।
ਗੁਰੂ ਗ੍ਰੰਥ ਦਾ ਵਾਕ ਲਿਆ ਤਾਂ, ਨਿਜ ਭਗਤੀ ਸੀ ਆਇਆ।
ਨਵਾਂ ਨਾਮ ਹੁਣ ਕੌਰ ਭੁਪਿੰਦਰ, ਤਾਂਹੀਉਂ ਗਿਆ ਪਕਾਇਆ।
ਜਪ ਤਪ ਸਤ ਸੀਲ ਸੰਜਮ, ਸੰਤੋਖ ਦਾ ਪੱਲਾ ਫੜਿਆ।
ਅੱਠੇ ਪਹਿਰ ਮਗਨ ਵਿੱਚ ਸੇਵਾ, ਰੰਗ ਨਵੇਲਾ ਚੜ੍ਹਿਆ।
ਬਿਰਧ, ਬਾਲ, ਬੇ ਸਹਾਰੇ, ਰੋਗੀ, ਸਭ ਦੀ ਸੇਵਾ ਕੀਤੀ।
ਚਰਨ ਕਮਲ ਦੀ ਮੌਜ ਇਲਾਹੀ, ਦੇ ਵਿੱਚ ਜ਼ਿੰਦਗੀ ਬੀਤੀ।
ਸਤਿਗੁਰ ਜੀ ਤੋਂ ਹੁਕਮ ਲਿਆ ਇਹ, ਸਨ ਸਧਰਾਂ ਤਰਿਹਾਈਆਂ।
ਜਪ ਤਪ ਹਵਨ ਪਾਠ ਵਿਚ ਲੱਗਣ, ਮਾਈਆਂ ਵਾਕੁਣ ਭਾਈਆਂ।
ਮਾਤਾ ਜੀ ਨੇ ਗ੍ਰਿਹਸਤ ਜੀਵਨ ਦਾ, ਮਾਣਿਆ ਮਸਾਂ ਦਹਾਕਾ।
ਉਹਨਾਂ ਸਭ ਤੋਂ ਵੱਧ ਨਿਬਾਹਿਆ, ਗੁਰ ਸਿੱਖਾਂ ਨਾਲ ਨਾਤਾ।
ਬਾਈ ਨਵੰਬਰ ਉਨੀ ਸੌ ਵੀਹ, ਜੋਤ ਨੂਰਾਨੀ ਆਈ।
ਬੇਅੰਤ ਪਾਤਸ਼ਾਹ ਰੂਪੀ ਸੂਰਜ, ਵੰਡੀ ਜਦ ਰੁਸ਼ਨਾਈ।
ਉੱਨੀ ਅਕਤੂਬਰ ਸੰਨ ਤੇਈ, ਬਾਲ ਬੱਲਭ ਜੀ ਆਏ।
ਬਣਕੇ ਬੀਰ ਸਿੰਘ ਮਹਾਰਾਜਾ, ਜਿਹੜੇ ਜੱਗ ਰੁਸ਼ਨਾਏ।
ਛੇਤੀ ਰੋਗ ਅਸਾਧ ਲੱਗਿਆਂ, ਹੋਈ ਦੇਹ ਨਿਤਾਣੀ।
ਵੈਦ, ਹਕੀਮਾਂ, ਡਾਕਟਰਾਂ ਦੀ, ਕੋਈ ਪੇਸ਼ ਨਾ ਜਾਣੀ।
ਬਦਲੇ ਕਈ ਸਥਾਨ ਪਹਾੜੀ, ਭੈਣੀ ਸਾਹਿਬ ਆਏ।
ਬਾਗ ਵਾਲੀ ਕੋਠੀ ਵਿੱਚ ਡੇਰੇ, ਮਾਤਾ ਜੀ ਦੇ ਲਾਏ।
ਜਾਪੇ ਜਿੰਦ ਅਟਕਦੀ ਕਿੱਦਾਂ, ਕੋਈ ਸਮਝ ਨਾ ਆਵੇ।
ਅਰਜ਼ ਸੁਣੀ ਜਦ ਪ੍ਰਾਣ ਪਤੀ, ਉਹ ਛੇਤੀ ਫੇਰੀ ਪਾਵੇ।
ਮੁੱਖ ਮਸਤਕ ਤੇ ਹੱਥ ਫੇਰਕੇ, ਦਿੱਤਾ ਪਿਆਰ ਦਿਲਾਸਾ।
ਸੁਣੋ ਭੁਪਿੰਦਰ ! ਏਸ ਵਕਤ ਹੈ, ਸਤਿਗੁਰ ਦਾ ਭਰਵਾਸਾ।
ਲਿਸ਼ਕੇ ਨੇਤਰ ਚਮਕ ਅਗੰਮੀ, ਨੈਣ ਪੋਟੇ ਸਧਰਾਏ।
ਉੱਨੀ ਚੌਵੀ ਸੰਨ ਸਤੰਬਰ, ਚੌਦਾਂ ਸਵਰਗ ਸਿਧਾਏ।
ਮਾਤਾ ਤੇਰੀ ਗੋਦੀ ਦਾ ਹੈ, ਦੂਰ-ਦੂਰ ਲਿਸ਼ਕਾਰਾ।
ਤੇਰੇ ਦੋਹਾਂ ਲਾਲਾ ਕੀਤਾ, ਜੱਗ ਦਾ ਪਾਰ ਉਤਾਰਾ।
ਗੁਰ ਜਗਜੀਤ ਜਿਹਾ ਨਾ ਕੋਈ, ਦਰਦ ਵੰਡਾਵਣ ਹਾਰਾ।
ਉਦੇ ਭਾਨ ਜਾਂ ਹੋਇਆ ਤੇਰਾ, ਮਿਟਿਆ ਜੱਗ ਅੰਧਿਆਰਾ।

**ਸੁਵਰਨ ਸਿੰਘ ਵਿਰਕ**
**99963-71716**

# ਮਾਤ ਭੁਪਿੰਦਰ ਜੀ ਦੀ ਜੈ ਜੈ ਕਾਰ ਹੋਵੇ।

**ਕਰਨੈਲ ਸਿੰਘ ਅਸਪਾਲ**

ਮਹਿਲ ਆਪ ਸਨ ਗੁਰੂ ਪਰਤਾਪ ਜੀ ਦੇ ,
ਜੀਹਦੀ ਸੋਭਾ ਹੈ ਵਿੱਚ ਸੰਸਾਰ ਹੋਵੇ ।
ਸੇਵਾ ਸਿਮਰਨ ਚ ਸਦਾਂ ਲਿਵਲੀਨ ਪੂਰੇ,
ਮਾਤ ਭੁਪਿੰਦਰ ਜੀ ਦੀ ਜੈ ਜੈ ਕਾਰ ਹੋਵੇ।

ਨਾਮ ਪੇਕਿਆਂ ਦਾ ਵੀਰ ਕੌਰ ਹੈ ਸੀ,
ਗਦੋਂ ਡੋਬ ਹੈ ਜਨਮ ਸਥਾਨ ਹੋਇਆ।
ਪਿਤਾ ਆਪ ਜੀ ਦੇ ਸੁੰਦਰ ਸਿੰਘ ਜੀ ਸਨ,
ਮਾਤਾ ਰਾਮ ਕੌਰ ਦੇ ਘਰ ਆਣ ਹੋਇਆ।
ਬੜੇ ਸਹਿਜ ਸੁਭਾਅ ਨਿਰਮਾਣਤਾ ਦੇ,
ਮਸਤਕ ਤੇਜ਼ ਤੇ ਭਾਗ ਵਾਨ ਹੋਇਆ।
ਨਾਮਧਾਰੀ ਇਤਿਹਾਸ ਦੇ ਬਣ ਪਾਤਰ,
ਗੁਣੀ ਗਹੀਰੁ ਦਾ ਹੈ ਸਨਮਾਨ ਹੋਇਆ।

ਕਿਸੇ ਸਾਧ ਨੇ ਆਖਿਆ ਮਾਪਿਆਂ ਨੂੰ,
ਇਸ ਬਾਲੜੀ ਦਾ ਉੱਚਾ ਕਿਰਦਾਰ ਹੋਵੇ।
ਜਗਤ ਮਾਤਾ ਇਹ ਬਣੇਗੀ ਜਗਤ ਉੱਤੇ,
ਮਾਤ ਭੁਪਿੰਦਰ ਜੀ ਦੀ ਜੈ ਜੈ ਕਾਰ ਹੋਵੇ।

ਦਸ ਬਰਸ ਦੀ ਉਮਰ ਚ ਪੜ੍ਹ ਬਾਣੀ,
ਲਗਨ ਆਸਥਾ ਨਾਲ ਅਭਿਆਸ ਕੀਤਾ।
ਪਾਠ ਗੁਰੂ ਗ੍ਰੰਥ ਦੇ ਕਰੇ ਇਹਨਾਂ,
ਰਿਦੈ ਅੰਦਰ ਸੀ ਨਾਮ ਵਿਗਾਸ ਕੀਤਾ।
ਪੰਜਾਂ ਬਾਣੀਆਂ ਤਾਈਂ ਸੀ ਕੰਠ ਕਰਕੇ,
ਅਨਿਨ ਸੇਵਕੀ ਸਹਿਜ ਧਰਵਾਸ ਕੀਤਾ।
ਲਿਵ ਲਗੀ ਸੀ ਗੁਰੂ ਦੇ ਨਾਮ ਵਾਲੀ,
ਪੂਰੇ ਗੁਰਾਂ ਤੇ ਪੂਰਾ ਵਿਸ਼ਵਾਸ ਕੀਤਾ ।

ਸੋਲਾਂ ਸਾਲਾਂ ਦੀ ਉਮਰ ਚ ਅਨੰਦ ਹੋਇਆ,
ਸੁਆਮੀ ਇਹਨਾਂ ਦੇ ਆਪ ਕਰਤਾਰ ਹੋਵੇ,
ਗੁਰੂ ਪਰਤਾਪ ਜੀ ਦੇ ਆਪ ਮਹਿਲ ਬਣਕੇ,
ਮਾਤ ਭੁਪਿੰਦਰ ਜੀ ਦੀ ਜੈ ਜੈ ਕਾਰ ਹੋਵੇ।

ਭੈਣੀ ਸਾਹਿਬ ਦਰਬਾਰ ਚ ਆਣਕੇ ਜੀ,
ਸਾਧ ਸੰਗਤ ਦੀ ਸੇਵ ਕਮਾਈ ਮਾਤਾ।
ਮਨ ਮੋਹ ਲਿਆ ਸਾਰੀਆਂ ਸੰਗਤਾਂ ਦਾ,
ਐਸੀ ਸਹਿਜਤਾ ਆਪ ਦਿਖਾਈ ਮਾਤਾ।
ਜੱਪ ਪ੍ਰਯੋਗ ਦੀ ਜਦ ਸ਼ੁਰੂਆਤ ਹੋਈ,
ਸੇਵਾ ਬੀਬੀਆਂ ਦੀ ਵਿੱਚ ਲਗਾਈ ਮਾਤਾ।
ਬੁਹਾਰੀ ਬਰਤਨਾਂ ਤਾਈਂ ਸੀ ਸਾਫ਼ ਕਰਨੇ,
ਸੋਭਾ ਸਦਾਂ ਹੀ ਗੁਰਾਂ ਦੀ ਗਾਈ ਮਾਤਾ।

ਏਸ ਮਾਤਾ ਨੂੰ ਸਾਰੇ ਹੀ ਧੰਨ ਕਹੀਏ,
ਜੀਹਦੀ ਕੁੱਖ ਤੋਂ ਗੁਰੂ ਅਵਤਾਰ ਹੋਵੇ,
ਰਾਮ ਲਖਨ ਜਿਓਂ ਹੋਏ ਸਪੁੱਤ ਦੋਨੋਂ
ਮਾਤ ਭੁਪਿੰਦਰ ਜੀ ਦੀ ਜੈ ਜੈ ਕਾਰ ਹੋਵੇ।

ਵੀਹ ਨਵੰਬਰ ਉਨੀ ਸੌ ਵੀਹ ਅੰਦਰ,
ਪ੍ਰਗਟੇ ਭੈਣੀ ਚ ਗੁਰੂ ਜਗਜੀਤ ਜੀਓ।
ਛੋਟੇ ਭਰਾਤਾ ਮਹਾਰਾਜ ਬੀਰ ਸਿੰਘ ਜੀ
ਬੜੇ ਤਪੱਸਵੀ ਸਭਨਾਂ ਦੇ ਮੀਤ ਜੀਓ।
ਤਾਰੇ ਅੱਖ ਦੇ ਗੁਰੂ ਪਰਤਾਪ ਜੀ ਦੇ,
ਸੰਗਤਾਂ ਸੰਗ ਸੀ ਗੂਹੜੀ ਪ੍ਰੀਤ ਜੀਓ।
ਜਿਸਦੇ ਵੱਲ ਸੀ ਤੱਕਦੇ ਇੱਕ ਵਾਰੀਂ
ਹਿਰਦਿਆਂ ਤਾਈਂ ਸੀ ਕਰਦੇ ਸੀਤ ਜੀਓ।

ਜਿਹੜਾ ਗੁਰਾਂ ਦੇ ਲੜ ਹੈ ਲੱਗ ਜਾਂਦਾ,
ਬੇੜਾ ਭਵਜਲੋਂ ਓਸਦਾ ਪਾਰ ਹੋਵੇ,
ਗੀਤ ਗਾਏ ਅਸਪਾਲ ਹੈ ਗੁਰੂ ਜੀ ਦੇ,
ਮਾਤ ਭੁਪਿੰਦਰ ਜੀ ਦੀ ਜੈ ਜੈ ਕਾਰ ਹੋਵੇ।

..........................................................

# ਬੱਚਿਆਂ ਦਾ ਪੰਨਾ

## ਅਰਦਾਸ ਦੀ ਸ਼ਕਤੀ

ਭਾਈ ਲਾਲ ਸਿੰਘ ਇਕ ਬਹੁਤ ਮਜਬੂਤ ਢਾਲ ਬਣਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਲੈ ਕੇ ਆਇਆ। ਜਦੋਂ ਗੁਰੂ ਜੀ ਨੇ ਪੁੱਛਿਆ, "ਲਾਲ ਸਿੰਘ ਇਹ ਢਾਲ ਕਿੰਨੀ ਮਜਬੂਤ ਹੈ ?" ਤਾਂ ਲਾਲ ਸਿੰਘ ਨੇ ਕਿਹਾ, "ਪਾਤਸ਼ਾਹ ਕਈ ਧਾਤੂਆਂ ਨਾਲ ਇਸ ਢਾਲ ਨੂੰ ਬਣਾਇਆ ਹੈ, ਕੋਈ ਹਥਿਆਰ ਇਸ ਨੂੰ ਤੋੜ ਨਹੀਂ ਸਕਦਾ।" ਗੁਰੂ ਗੋਬਿੰਦ ਸਿੰਘ ਜੀ ਨੇ ਮੁਸਕਰਾ ਕੇ ਕਿਹਾ, "ਕੀ ਇਹ ਗੋਲੀ ਮਾਰਨ ਤੇ ਵੀ ਨਹੀਂ ਟੁੱਟੇਗੀ। ਲਾਲ ਸਿੰਘ ਕਿਹਾ, "ਪਾਤਸ਼ਾਹ ਆਪ ਮਾਰ ਕੇ ਵੇਖ ਲਵੋ, ਇਸ ਢਾਲ ਨੂੰ ਮੈਂ ਬਹੁਤ ਮਿਹਨਤ ਨਾਲ ਬਣਾਇਆ ਹੈ, ਗੋਲੀ ਇਸ ਦਾ ਕੁਝ ਨਹੀਂ ਵਿਗਾੜ ਸਕਦੀ। ਹੋਰ ਸਿਖਾਂ ਨੇ ਵੀ ਢਾਲ ਦੀ ਸਿਫਤ ਕੀਤੀ। ਲਾਲ ਸਿੰਘ ਢਾਲ ਦੀਆਂ ਸਿਫ਼ਤਾਂ ਸੁਣ ਮਾਣ ਮਹਿਸੂਸ ਕਰਨ ਲੱਗਾ।

ਗੁਰੂ ਜੀ ਦੇ ਬਚਨ ਸੁਣ ਲਾਲ ਸਿੰਘ ਇਕ ਵਾਰੀ ਤਾਂ ਖੁਸ਼ ਹੋਇਆ ਪਰ ਫਿਰ ਉਸ ਦੇ ਮਨ ਵਿੱਚ ਆਇਆ ਜੇ ਦੀਨ ਦੁਨੀਆਂ ਦੇ ਮਾਲਕ ਮਹਾਨ ਯੋਧੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੋਲੀ ਚਲਾਉਣਗੇ ਤਾਂ ਮੇਰੀ ਢਾਲ ਉਸ ਨੂੰ ਰੋਕ ਨਹੀਂ ਸਕੇਗੀ। ਹੰਕਾਰ ਵਿਚ ਕੀਤੀ ਗੱਲ ਦਾ ਲਾਲ ਸਿੰਘ ਨੂੰ ਅਫ਼ਸੋਸ ਹੋਇਆ। ਘਰ ਜਾ ਕੇ ਆਪਣੀ ਪਤਨੀ ਨੂੰ ਦਰਬਾਰ ਦੀ ਸਾਰੀ ਗੱਲ ਦੱਸੀ। ਭਾਈ ਲਾਲ ਸਿੰਘ ਦੀ ਪਤਨੀ ਨੇ ਕਿਹਾ, "ਜੇ ਹੁਣ ਕੋਈ ਸਾਡੀ ਲਾਜ ਰੱਖ ਸਕਦਾ ਹੈ ਤਾਂ ਉਹ ਖੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ। ਇਸ ਲਈ ਉਹਨਾਂ ਦੇ ਚਰਨਾਂ ਵਿੱਚ ਅਰਦਾਸ ਕੀਤੀ ਜਾਵੇ।" ਦੋਵਾਂ, ਪਤੀ ਪਤਨੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ।



ਅਗਲੇ ਦਿਨ ਜਦੋਂ ਦਰਬਾਰ ਲੱਗਾ ਤਾਂ ਸ੍ਰੀ ਗੁਰੂ ਜੀ ਨੇ ਕਿਹਾ, "ਲਿਆ, ਲਾਲ ਸਿੰਘ ਆਪਣੀ ਢਾਲ ਅਤੇ ਨਿਸ਼ਾਨੇ ਦੇ ਸਾਹਮਣੇ ਖੜਾ ਹੋ ਜਾਹ। ਭਾਈ ਲਾਲ ਸਿੰਘ ਡਰਦਾ-ਡਰਦਾ ਢਾਲ ਲੈ ਕੇ ਗੁਰੂ ਜੀ ਦੇ ਸਾਹਮਣੇ ਖੜਾ ਹੋ ਗਿਆ ਤੇ ਢਾਲ ਦੇ ਪਿੱਛੇ ਅਰਦਾਸ ਕਰਨ ਲੱਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੱਥ ਬੰਦੂਕ ਫੜ ਕੇ ਤਿੰਨ ਵਾਰੀ ਢਾਲ ਦਾ ਨਿਸ਼ਾਨਾ ਲਿਆ ਪਰ ਗੋਲੀ ਨਹੀਂ ਚਲਾਈ। ਬੰਦੂਕ ਪਰੇ ਰੱਖ ਕਿਹਾ, "ਲਾਲ ਸਿੰਘ ਤੇਰੀ ਢਾਲ ਤੇ ਆਦਿ ਸਤਿਗੁਰੂ ਸਾਹਿਬਾਨ ਆਪ ਹੱਥ ਰੱਖ ਖੜੇ ਹਨ, ਅਸੀਂ ਗੋਲੀ ਨਹੀਂ ਚਲਾ ਸਕਦੇ। ਭਾਈ ਲਾਲ ਸਿੰਘ ਨੇ ਕਿਹਾ, "ਪਾਤਸ਼ਾਹ ਮੇਰੇ ਕੋਲੋਂ ਗਲਤੀ ਹੋ ਗਈ ਮੈਂ ਹੰਕਾਰ ਵਿਚ ਗੱਲ ਕਰ ਬੈਠਾ, ਆਪ ਜੀ ਕਿਰਪਾ ਕਰੋ ਮੇਰੀ ਗਲਤੀ ਨੂੰ ਬਖਸ਼ ਦਿਓ।" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੁਸਕਰਾ ਕੇ ਕਿਹਾ, "ਲਾਲ ਸਿੰਘ ਤੇਰੀ ਅਰਦਾਸ ਨੇ ਤੈਨੂੰ ਬਚਾ ਲਿਆ ਹੈ।"

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦਾ ਦੌਰਾ ਇਲਾਕਾ ਸ੍ਰੀ ਜੀਵਨ ਨਗਰ

ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ ਲਗਾਤਾਰ ਇਕ ਮਹੀਨੇ ਚੱਲੇ ਨਾਮ ਸਿਮਰਨ ਜਪ ਪ੍ਰਯੋਗ ਦੀ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਦਿੱਤੇ ਗਏ ਆਦੇਸ਼ ਮੁਤਾਬਿਕ ਇਲਾਕਾ ਜੀਵਨ ਨਗਰ ਦੇ ਦੌਰੇ ਦਾ ਪ੍ਰੋਗਰਾਮ ਉਲੀਕਿਆਂ ਗਿਆ ਜਿਸ ਮੁਤਾਬਿਕ **ਮਿਤੀ 15 ਅਕਤੂਬਰ 2024 ਦਿਨ ਮੰਗਲਵਾਰ** ਨੂੰ ਸ੍ਰੀ ਭੈਣੀ ਸਾਹਿਬ ਤੋਂ ਦੁਪਹਿਰ 12 ਵਜੇ ਦੇ ਕਰੀਬ ਚਾਲੇ ਪਾਏ ਗਏ ਅਤੇ ਰਸਤੇ ਵਿੱਚ ਲੁਧਿਆਣਾ ਵਿਖੇ ਸ. ਜਗਤਾਰ ਸਿੰਘ ਪੁੱਤਰ ਜਸਪਾਲ ਸਿੰਘ ਨਵੇ ਅਰੰਭੇ ਕਾਰਜ "ਆਇਰਨ ਬੀਸਟ ਜਿੰਮ" ਵਿਖੇ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਜਿਸਦਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਨਵੀਨੀਕਰਨ ਕੀਤਾ ਗਿਆ ਹੈ। ਜਿਸ ਮੁਤਾਬਿਕ ਸ਼ਹੀਦੀ ਸਮਾਰਕ ਨਵੀਂ ਦਿੱਖ ਪ੍ਰਦਾਨ ਕੀਤੀ ਗਈ ਹੈ। ਦੌਰਾ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਵਲੋਂ ਪ੍ਰਬੰਧਕਾਂ ਵਲੋਂ ਕੀਤੇ ਇਸ ਕਾਰਜ ਦੀ ਸਲਾਘਾਂ ਕੀਤੀ ਗਈ। ਲੁਧਿਆਣਾ ਤੋਂ ਚੱਲ ਕੇ ਵਾਇਆਂ ਬਰਨਾਲਾ, ਮਾਨਸਾ ਹੁੰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਿਰਸਾ ਸ਼ਹਿਰ ਵਿਖੇ ਸ. ਹਰਜੀਤ ਸਿੰਘ ਪੁੱਤਰ ਸ. ਦਰਸ਼ਨ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ ਅਤੇ ਹਰਜੀਤ ਸਿੰਘ ਦੀ ਸਿਹਤ ਦਾ ਹਾਲ ਚਾਲ ਪੁੱਛਿਆ ਜੋ ਪਿਛਲੇ ਦਿਨੀਂ ਇਕ ਸੜਕ ਹਾਦਸੇ ਵਿੱਚ ਗੰਭੀਰ ਜਖਮੀ ਹੋ ਗਿਆ ਸੀ। ਸਿਰਸਾ ਤੋਂ ਮਸਤਾਨਗੜ੍ਹ ਪਹੁੰਚੇ ਰਾਤ ਵਿਸ਼ਰਾਮ ਕੀਤਾ।

**ਮਿਤੀ 16 ਅਕਤੂਬਰ 2024 ਦਿਨ ਬੁੱਧਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸ. ਸਤਨਾਮ ਸਿੰਘ, ਸ਼ਾਮ ਸਿੰਘ ਅਤੇ ਸੰਤਾ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸ੍ਰੀ ਮਸਤਾਨਗੜ੍ਹ ਸਾਹਿਬ ਵਿਖੇ ਕੀਤਾ। ਆਸਾ ਦੀ ਵਾਰ ਦੇ ਭੋਗ ਸਮੇਂ ਸ. ਦਇਆ ਸਿੰਘ ਪੁੱਤਰ ਦਵਿੰਦਰ ਸਿੰਘ ਰਾਨੀਆਂ ਅਤੇ ਜਸਪ੍ਰੀਤ ਕੌਰ ਪੁੱਤਰੀ ਸ. ਗੁਰਬਚਨ ਸਿੰਘ ਮੋਜੂਖੇੜਾ ਦਾ ਅਨੰਦ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਇਆ। ਸ੍ਰੀ ਸਤਿਗੁਰੂ ਜੀ ਨੇ ਸ. ਜੀਤ ਸਿੰਘ ਸੰਧੂ ਪੁੱਤਰ ਸ. ਲਾਭ ਸਿੰਘ ਪਿੰਡ ਸੰਤ ਨਗਰ ਦੇ ਚੜਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਪਿੰਡ ਰਾਨੀਆਂ ਵਿਖੇ ਮਾਸਟਰ ਮਹਿੰਦਰ ਸਿੰਘ ਦੇ ਲੜਕੇ ਬਲਵਿੰਦਰ ਸਿੰਘ ਦੇ ਚੜਾਈ ਕਰਨ ਤੇ ਘਰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ. ਬਲਦੇਵ ਸਿੰਘ ਪੁੱਤਰ ਗੁਰਦਿਆਲ ਸਿੰਘ, ਗੁਰਮੇਜ ਸਿੰਘ ਵਕੀਲ ਪੁੱਤਰ ਸ. ਗੁਰਦਿਆਲ ਸਿੰਘ, ਘਰ ਚਰਨ ਪਾਏ ਅਤੇ ਸਕੱਤਰ ਸਿੰਘ ਪੁੱਤਰ ਸੁਰਿੰਦਰ ਸਿੰਘ ਦੇ ਚੜਾਈ ਕਰਨ ਤੇ ਕਾਕਾ ਯੁਵਰਾਜ ਸਿੰਘ ਪੁੱਤਰ ਸ. ਜਰਨੈਲ ਸਿੰਘ ਜੋ ਇਕ ਸੜਕ ਹਾਦਸੇ ਵਿੱਚ ਚੜਾਈ ਕਰ ਗਿਆ ਸੀ ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਹੌਸਲਾ ਦਿੰਦੇ ਹੋਏ ਅਕਾਲ ਪੁਰਖ ਦਾ ਭਾਣਾ ਮੰਨਣ ਦਾ ਹੁਕਮ ਕੀਤਾ। ਪਿੰਡ ਰਾਨੀਆਂ ਵਿਖੇ ਹੀ ਸ. ਹਰਦੇਵ ਸਿੰਘ ਪੁੱਤਰ ਸ. ਗੁਰਮੁੱਖ ਸਿੰਘ ਦੇ ਨਵੇਂ ਬਣੇ ਮਕਾਨ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਬਾਜੇ ਕੇ ਵਿਖੇ ਸ. ਹਰਬੰਸ ਸਿੰਘ ਦੇ ਅਰਜ ਕਰਨ ਤੇ ਸ. ਪਰਮਿੰਦਰ ਸਿੰਘ ਅਤੇ ਜੁਗਰਾਜ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਟਿੱਬਾ ਫਾਰਮ ਦਾ ਦੌਰਾ ਕੀਤਾ ਅਤੇ ਸ੍ਰੀ ਸਤਿਗੁਰੂ ਜੀ ਨੇ ਪ੍ਰਤਾਪ ਮੰਦਰ ਸੰਤ ਨਗਰ ਵਿਖੇ ਸ. ਜੀਤ ਸਿੰਘ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ ਤਾਂ ਸੂਬਾ ਸੰਦੀਪ ਸਿੰਘ ਦੀਵਾਨ ਸਜਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਸ. ਜੀਤ ਸਿੰਘ ਪੁੱਤਰ ਸ. ਲਾਭ ਸਿਮਘ ਨਮਿਤ ਪਾਇਆ ਗਿਆ। ਪਿੰਡ ਕੁੱਤਾ ਵੱਡ ਵਿਖੇ ਸ. ਸੁਖਚੈਨ ਸਿੰਘ ਦੇ ਘਰ ਦਰਸ਼ਨ ਦਿੱਤੇ ਰਾਤ ਮਸਤਾਨਗੜ੍ਹ ਵਿਸ਼ਰਾਮ ਕੀਤਾ।

**ਮਿਤੀ 17 ਅਕਤੂਬਰ 2024 ਦਿਨ ਵੀਰਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਾਗੀ ਸਤਨਾਮ ਸਿੰਘ, ਸ਼ਾਮ ਸਿੰਘ ਨੇ ਨਾਮਧਾਰੀ ਗੁਰਦੁਆਰਾ ਰਾਨੀਆਂ ਵਿਖੇ ਹੋਇਆ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪਵਿੱਤਰ ਗੁਰਬਾਣੀ ਸ੍ਰੀ ਆਦਿ ਗ੍ਰੰਥ ਸਾਹਿਬ ਦੇ 3 ਪਾਠਾਂ ਦੇ ਭੋਗ ਵੀ ਪਾਏ ਗਏ। ਪਿੰਡ ਪ੍ਰਤਾਪ ਨਗਰ ਵਿਖੇ ਸ. ਦਇਆ ਸਿੰਘ, ਸਵਰਨ ਸਿੰਘ ਪੁੱਤਰ ਹਜ਼ਾਰਾ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਐਲਨਾਬਾਦ ਵਿਖੇ ਮਾਸਟਰ ਅਮਰੀਕ ਸਿੰਘ ਜੀ ਦੀ ਧਰਮ ਪਤਨੀ ਮਾਤਾ ਮਹਿੰਦਰ ਕੌਰ

ਨੂੰ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇ ਕੇ ਨਿਵਾਜਿਆ। ਪਿੰਡ ਠੱਬਰੀਆਂ ਵਿਖੇ ਸ. ਭੁਪਿੰਦਰ ਸਿੰਘ ਪੁੱਤਰ ਸ. ਗੁਰਦਿਆਲ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ ਤਾਂ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦਾ ਭੋਗ ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਏਸੇ ਉਪਰੰਤ ਸ੍ਰੀ ਸਤਿਗੁਰੂ ਜੀ ਆਪਣੇ ਇਲਾਕਾਂ ਸ੍ਰੀ ਜੀਵਨ ਨਗਰ ਦੇ ਦੌਰੇ ਨੂੰ ਸਮਾਪਤ ਕਰਦੇ ਹੋਏ ਜੈਪੁਰ (ਰਾਜਸਥਾਨ) ਵਿਖੇ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਕਮਰ ਕੱਸੇ ਕਰ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

..........................................................

## ਸ੍ਰੀ ਸਤਿਗੁਰੂ ਸਿੰਘ ਜੀ ਦੇ ਜੈਪੁਰ ਵਿਖੇ ਦਰਸ਼ਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਜੀ ਅਤੇ ਨਿਵਾਜੀ ਹੋਈ ਸਾਧ ਸੰਗਤ, ਸਮੇਂ ਸਮੇਂ ਅਨੁਸਾਰ ਜਦੋਂ ਵੀ ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿੱਚ ਅਰਜ ਬੇਨਤੀ ਕਰਦੀ ਹੈ ਤਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਉਹਨਾਂ ਦੀ ਅਰਜ ਬੇਨਤੀ ਪ੍ਰਵਾਨ ਕਰਦੇ ਹੋਏ ਆਪਣੇ ਰੁਝੇਵੇ ਭਰੇ ਸਮੇਂ ਵਿਚੋਂ ਕੁਝ ਸਮਾਂ ਕੱਢ ਕੇ ਸਾਧ ਸੰਗਤ ਨੂੰ ਦਰਸ਼ਨ ਦੇ ਕੇ ਨਿਵਾਜਦੇ ਹਨ। ਅਜਿਹੀ ਹੀ ਅਰਜ ਬੇਨਤੀ ਜੈਪੁਰ ਦੀ ਸਾਧ ਸੰਗਤ ਨੇ ਸ੍ਰੀ ਭੈਣੀ ਸਾਹਿਬ ਵਿਖੇ ਅੱਸੂ ਦੇ ਮੇਲੇ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਨੂੰ ਕੀਤੀ ਤਾਂ ਸ੍ਰੀ ਸਤਿਗੁਰੂ ਜੀ ਨੇ **ਮਿਤੀ 17 ਅਕਤੂਬਰ 2024 ਦਿਨ ਵੀਰਵਾਰ** ਨੂੰ ਆਪਣੇ ਇਲਾਕਾ ਸ੍ਰੀ ਜੀਵਨ ਨਗਰ ਦੇ ਦੌਰੇ ਨੂੰ ਸਮਾਪਤ ਕਰਦੇ ਹੋਏ ਏਥੋਂ ਹੀ ਜੈਪੁਰ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਚਾਲੇ ਪਾਏ। ਐਲਨਾਬਾਦ ਤੋਂ ਚੱਲ ਕੇ ਵਾਇਆ ਸਰਦਾਰ ਸ਼ਹਿਰ ਅਤੇ ਸੀਕਰ ਹੁੰਦੇ ਹੋਏ ਸ਼ਾਮ 4:30 ਤੇ ਜੈਪੁਰ ਪਹੁੰਚੇ ਤਾਂ ਸ. ਧਰਮਵੀਰ ਸਿੰਘ ਪੁੱਤਰ ਸ. ਜਸਵੰਤ ਸਿੰਘ ਦੇ ਗ੍ਰਹਿ ਵਿਖੇ ਆਣ ਉਤਾਰਾ ਕੀਤਾ। ਸ. ਧਰਮਵੀਰ ਸਿੰਘ ਦੇ ਗ੍ਰਹਿ ਜੁਐਲਸ ਇੰਡੀਆਂ ਸੁਸਾਇਟੀ ਮਕਾਨ ਨੰ. E-301 ਵਿਖੇ ਜਲਪਾਣੀ ਛਕਣ ਉਪਰੰਤ ਸ਼ਾਮ ਦੇ ਪ੍ਰੋਗਰਾਮ ਮੁਤਾਬਿਕ 5 ਵਜੇ ਨਾਮ ਸਿਮਰਨ ਦੀ ਅਰਦਾਸ ਹੋਈ ਨਾਮ ਸਿਮਰਨ ਦੌਰਾਨ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਵਨ ਪਵਿੱਤਰ ਉਪਦੇਸ਼ ਸਰਵਨ ਕੀਤਾ।

ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਸਤਨਾਮ ਸਿੰਘ ਅਤੇ ਸ਼ਾਮ ਸਿੰਘ ਨੇ ਪਿਛਲੇ ਪਹਿਰ ਦਾ ਕੀਰਤਨ ਕੀਤਾ। ਗੁਰੂ ਰਾਮਦਾਸ ਜੀ ਦਾ ਸ਼ਬਦ ਸੀ "ਜਿਸ ਮਿਲਿਐ ਮਨਿ ਹੋਇ ਅਨੰਦ ਸੋ ਸਤਿਗੁਰ ਕਹੀਐ" ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਤ ਸਾਧਾ ਸਿੰਘ ਦਿੱਲੀ ਦੇ ਪੋਤਰੇ ਵਿਜੇਪਾਲ ਸਿੰਘ ਪੁੱਤਰ ਸਤਪਾਲ ਸਿੰਘ ਦੇ ਗ੍ਰਹਿ ਰਾਜਾ ਪਾਰਕ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਰਾਜਾ ਪਾਰਕ ਵਿਖੇ ਹੀ ਸ. ਪ੍ਰਭਜੀਤ ਸਿੰਘ ਪੁੱਤਰ ਸ. ਬਲਵੰਤ ਸਿੰਘ ਦੇ ਗ੍ਰਹਿ ਵਿਖੇ ਵੀ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਸ. ਗੁਰਮੁਖ ਸਿੰਘ ਪੁੱਤਰ ਸ. ਜਸਵੰਤ ਸਿੰਘ ਦੀ ਧਰਮ ਪਤਨੀ ਬੀਬੀ ਤਰਨਜੀਤ ਕੌਰ ਦੇ ਨਵੇਂ ਸ਼ੁਰੂ ਕੀਤੇ ਕਾਰੋਬਾਰ ਵਿਖੇ ਸਟੋਰ ਤੇ ਚਰਨ ਪਾਉਣ ਦੀ ਕਿਰਪਾ ਵੀ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੇ ਹੀ ਸ. ਗੁਰਮੁਖ ਸਿੰਘ ਪੁੱਤਰ ਸ. ਜਸਵੰਤ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਏ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਧਰਮਵੀਰ ਸਿੰਘ ਦੇ ਗ੍ਰਹਿ ਆਪਣੇ ਡੇਰੇ ਆਣ ਰਾਤ ਵਿਸ਼ਰਾਮ ਕੀਤਾ।

**ਮਿਤੀ 18 ਅਕਤੂਬਰ 2024 ਦਿਨ ਸ਼ੁੱਕਰਵਾਰ–** ਸਵੇਰੇ ਅੰਮ੍ਰਿਤ ਵੇਲੇ ਏਸੇ ਸੁਸਾਇਟੀ ਦੇ ਬਹੁਤ ਹੀ ਸੁੰਦਰ ਹਾਲ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਤਨਾਮ ਸਿੰਘ ਅਤੇ ਸ਼ਾਮ ਸਿੰਘ ਨੇ ਕੀਤਾ। ਆਸਾ ਦੀ ਵਾਰ ਦੀ ਸਮਾਪਤੀ ਨਾਲ ਹੀ ਸ੍ਰੀ ਸਤਿਗੁਰੂ ਜੀ ਨੇ ਸ. ਹਰਮੀਤ ਸਿੰਘ ਪੁੱਤਰ ਸ. ਮੋਹਨ ਸਿੰਘ ਜੀਵਨ ਨਗਰ ਮਿੱਲ ਵਾਲਿਆਂ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਡੇਰੇ ਆਣ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਸੰਸਾਰ ਪ੍ਰਸਿੱਧ ਗਜ਼ਲ ਗਾਇਕ ਸ੍ਰੀ ਜਗਜੀਤ ਸਿੰਘ ਦੇ ਵੱਡੇ ਭਰਾ ਸ. ਜਸਵੰਤ ਸਿੰਘ ਧੀਮਾਨ ਨੂੰ ਸ੍ਰੀ ਸਤਿਗੁਰੂ ਜੀ ਨੇ ਅਥਾਹ ਪਿਆਰ ਬਖਸ਼ਿਆਂ। ਸ. ਜਸਵੰਤ ਸਿੰਘ ਧੀਮਾਨ ਨੂੰ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ ਸਾਡੇ ਲਾਇਕ ਕੋਈ ਸੇਵਾ ਹੋਵੇ ਤਾਂ ਬੇਝਿਜਕ ਹੋ ਕੇ ਦੱਸੋ। ਪਰਸਪਰ ਪਿਆਰ ਭਰੀ ਮਿਲਣੀ ਤੋਂ ਬਾਅਦ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਦੌਰੇ ਦੇ ਅਗਲੇ ਪੜ੍ਹਾ ਲਈ ਸਾਧ ਸੰਗਤ ਤੋਂ ਵਿਦਾਇਗੀ ਲੈ ਕੇ ਦਿੱਲੀ ਲਈ ਚਾਲੇ ਪਾਏ। ਲੰਬੇ ਸਫਰ ਨੂੰ ਤਹਿ ਕਰਦੇ ਹੋਏ ਦਿੱਲੀ ਰਮੇਸ਼ ਨਗਰ ਵਿਖੇ ਕਾਕਾ ਸੰਤਾ ਸਿੰਘ ਪੁੱਤਰ ਸਤਨਾਮ ਸਿੰਘ ਏਸੇ ਲੜਕੇ ਸੰਤਾ ਸਿੰਘ ਦੀ ਮਾਤਾ ਬੀਬੀ ਰਜਿੰਦਰ ਕੌਰ ਪਤਨੀ ਸਤਨਾਮ ਸਿੰਘ ਦੋਨੋਂ ਮਾਂ-ਪੁੱਤਰ ਦੇ ਚੜਾਈ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਹੌਸਲਾ ਦੇਣ ਲਈ ਗ੍ਰਹਿ ਵਿਖੇ ਚਰਨ ਪਾਉਣ ਦੀ ਕ੍ਰਿਪਾ ਕੀਤੀ।

ਉਪਰੰਤ ਰਮੇਸ਼ ਨਗਰ ਨਾਮਧਾਰੀ ਗੁਰਦੁਆਰੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਨੇ ਨਿਓਡਾ ਵਿਖੇ ਸ. ਸੁਲੱਖਣ ਸਿੰਘ ਪੁੱਤਰ ਸ. ਸੁਖਬੀਰ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ। ਏਥੇ ਹੀ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ ਤਾਂ ਲੰਬੇ ਸਫਰ ਨੂੰ ਤਹਿ ਕਰਦੇ ਹੋਏ ਦੇਰ ਰਾਤ ਤੱਕ ਸ੍ਰੀ ਭੈਣੀ ਸਾਹਿਬ ਆਣ ਪਧਾਰੇ।

**ਸੂਬਾ ਬਲਵਿੰਦਰ ਸਿੰਘ ਝੱਲ**

## ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ ਪਿੰਡ ਗੁਰੂਸਰ ਵਿਖੇ ਮੇਲਾ

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਅਤੇ ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜਨਨੀ ਮਾਤਾ ਭੁਪਿੰਦਰ ਕੌਰ ਦੀ ਯਾਦ ਇਹ ਵਰਾਂ ਸ਼ਤਾਬਦੀ ਦੇ ਰੂਪ ਵਿੱਚ ਸਮੁੱਚਾ ਨਾਮਧਾਰੀ ਪੰਥ ਮਨਾ ਰਿਹਾ ਹੈ। ਜਿਸ ਦੀ ਸ਼ੁਰੂਆਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ, ਮਾਤਾ ਭੁਪਿੰਦਰ ਕੌਰ ਜੀ ਦੇ ਪੇਕੇ ਪਿੰਡ ਗੁਰੂਸਰ (ਗੱਦਾਂਡੋਬ) ਜ਼ਿਲ੍ਹਾ ਫਾਜਿਲਕਾ ਤੋਂ ਸ਼ੁਰੂਆਤ ਕੀਤੀ ਗਈ। ਉਹ ਅਸਥਾਨ ਜਿਸ ਥਾਂ ਤੇ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਨੰਦ ਕਾਰਜ ਪੂਜਨੀਕ ਮਾਤਾ ਭੁਪਿੰਦਰ ਕੌਰ ਜੀ ਨਾਲ ਦਸੰਬਰ 1914 ਈ. ਵਿੱਚ ਹੋਇਆ ਸੀ ਉਸ ਅਸਥਾਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਿਲੀ ਇੱਛਾ ਅਨੁਸਾਰ ਸੁੰਦਰ ਯਾਦਗਾਰ ਦੀ ਉਸਾਰੀ ਕੀਤੀ ਗਈ ਹੈ। ਜਿਸ ਨੂੰ ਅਨੰਦ ਕਾਰਜ ਭਵਨ ਦਾ ਨਾਮ ਦਿੱਤਾ ਗਿਆ ਹੈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ **ਮਿਤੀ 14 ਸਤੰਬਰ 2024 ਦਿਨ ਸ਼ਨੀਵਾਰ** ਨੂੰ ਏਸੇ ਹੀ ਸਥਾਨ ਤੇ ਮਾਤਾ ਭਪਿੰਦਰ ਕੌਰ ਜੀ ਦੀ ਯਾਦ ਵਿੱਚ ਮੇਲਾ ਮਨਾਇਆ ਗਿਆ।

ਸਵੇਰੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆਂ ਬਠਿੰਡਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ 10:30 ਤੇ ਪਿੰਡ ਗੁਰੂਸਰ ਵਿਖੇ ਅਨੰਦ ਭਵਨ ਵਿਖੇ ਦਰਸ਼ਨ ਦਿੱਤੇ। ਅਬੁਲ ਖੁਰਾਨੇ ਦੇ ਕਵੀਸ਼ਰ ਨਰਿੰਦਰ ਸਿੰਘ ਆਪਣੇ ਜਥੇ ਸਮੇਤ ਕਵੀਸ਼ਰੀ ਪੇਸ਼ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਸ. ਗੁਰਮੀਤ ਸਿੰਘ ਪੁੱਤਰ ਜਗਸੀਰ ਸਿੰਘ, ਜਸਵੰਤ ਸਿੰਘ ਪੁੱਤਰ ਹਿੰਮਤ ਸਿੰਘ ਪਿੰਡ ਗੁਰੂਸਰ ਵਿਖੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਜਥੇ. ਕਮਾਲ ਸਿੰਘ ਨੇ ਜਥੇ ਸਮੇਤ ਦੀਵਾਨ ਸਜਾਇਆ।

ਸ. ਸੁਵਰਨ ਸਿੰਘ ਵਿਰਕ ਜੀ ਨੇ ਨਾਮਧਾਰੀ ਇਤਿਹਾਸ ਨੂੰ ਆਪਣੀ ਸ਼ੈਲੀ ਵਿੱਚ ਪੇਸ਼ ਕੀਤਾ। ਸੂਬਾ ਸਰਬਜੀਤ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਅਤੇ ਆਈ ਸੰਗਤ ਦਾ ਧੰਨਵਾਦ ਕੀਤਾ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਜਥੇ ਨੇ ਰਾਗੀ ਬਲਵੰਤ ਸਿੰਘ ਦੀ ਅਗਵਾਈ ਵਿੱਚ ਕੀਰਤਨ ਕਰਦੇ ਸਮੇਂ ਗੁਰੂ ਅਮਰਦਾਸ ਜੀ ਦਾ ਸ਼ਬਦ "ਧਨੁ ਜਨਣੀ ਜਿਨਿ ਜਾਇਆ ਧੰਨੁ ਪਿਤਾ ਪਰਧਾਨ" ਜਥੇ ਸਮੇਤ ਗਾਇਨ ਕੀਤਾ। ਕੀਰਤਨ ਦੀ ਸਮਾਪਤੀ ਉਪਰੰਤ ਹੀ ਮੇਲੇ ਦੀ ਸਮਾਪਤੀ ਦੀ ਅਰਦਾਸ ਹੋਈ। ਏਥੇ ਹੀ ਸ੍ਰੀ ਸਤਿਗੁਰੂ ਜੀ ਵਾਇਆ ਡੱਬਵਾਲੀ ਹੁੰਦੇ ਹੋਏ ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਦਰਸ਼ਨ ਦਿੱਤੇ। ਮਸਤਾਨਗੜ੍ਹ ਵਿਖੇ ਜਲ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਿੰਡ ਮੱਲੇਕੇ ਵਿਖੇ ਸ. ਮਨਜੀਤ ਸਿੰਘ ਪੁੱਤਰ ਸ. ਊਧਮ ਸਿੰਘ ਦੇ ਚੜ੍ਹਾਈ ਕਰਨ ਤੇ ਉਸ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ।

ਸੰਤ ਨਿਸ਼ਾਨ ਸਿੰਘ ਸ੍ਰੀ ਭੈਣੀ ਸਾਹਿਬ ਨੇ ਕਥਾ ਕੀਤੀ। ਇਸ ਸਮੇਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਉਮੀਦਵਾਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਆਏ ਜਿਹਨਾਂ ਵਿੱਚ ਸ੍ਰੀ ਸਰਵਮਿੱਤਰ ਕਾਂਗਰਸ ਪਾਰਟੀ ਅਤੇ ਸ੍ਰੀ ਅਰਜਨ ਚੋਟਾਲਾ ਇਨੋਲੋ ਪਾਰਟੀ ਦੇ ਉਮੀਦਵਾਰ ਸਨ। ਹਲਕਾ ਐਲਨਾਬਾਦ ਦੇ ਸ੍ਰੀ ਭਰਤਾ ਜੀ ਵੀ ਦਰਸ਼ਨ ਕਰਨ ਆਏ ਏਥੋ ਹੀ ਭੋਗ ਸਮਾਗਮ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਵਾਇਆ ਸਿਰਸਾ, ਮਾਨਸਾ ਹੁੰਦੇ ਹੋਏ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਦੇ ਪਿੰਡ ਕੰਡਿਆਲਾ ਵਿਖੇ ਦਰਸ਼ਨ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਝਾੜ ਸਾਹਿਬ ਦੇ ਚੜਦੇ ਪਾਸੇ 2 ਕਿਲੋਮੀਟਰ ਤੇ ਵੱਸਿਆ ਹੈ ਪਿੰਡ ਚੰਡਿਆਲਾ ਜੋ ਜਿਲਾ ਫਤਿਹਗੜ੍ਹ ਸਾਹਿਬ ਅੰਦਰ ਪੈਂਦਾ ਹੈ। ਏਥੇ ਹੀ ਪੁਰਾਨੇ ਵੱਸਦੇ ਨਾਮਧਾਰੀ ਪਰਿਵਾਰਾਂ ਵਿਚੋਂ ਸ. ਦਲਬੀਰ ਸਿੰਘ ਪੁੱਤਰ ਸ.

ਨੱਥਾ ਸਿੰਘ ਦੇ ਅਰਜ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ **ਮਿਤੀ 28 ਅਗਸਤ ਦਿਨ ਬੁੱਧਵਾਰ** ਨੂੰ ਸ. ਨੱਥਾ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਜੋ ਕਿ ਕੈਂਸਰ ਦੀ ਬਿਮਾਰੀ ਤੋਂ ਪੀੜਤ ਸਨ ਅਤੇ ਮੰਜੇ ਤੇ ਹੀ ਲੇਟੇ ਹੋਏ ਸਨ। ਸ. ਨੱਥਾ ਸਿੰਘ ਦੇ ਸਪੁੱਤਰ ਸ. ਦਲਬੀਰ ਸਿੰਘ ਦੇ ਅਰਜ਼ ਕਰਨ ਤੇ ਕਿ ਮੇਰੇ ਪਿਤਾ ਜੀ ਆਪ ਜੀ ਨੂੰ ਯਾਦ ਕਰਦੇ ਹਨ ਕਿਰਪਾ ਕਰਕੇ ਦਰਸ਼ਨ ਦਿਉ ਤਾਂ ਸ੍ਰੀ ਸਤਿਗੁਰੂ ਜੀ ਨੇ ਉਸੇ ਸਮੇਂ ਹੀ ਅਰਜ਼ ਪ੍ਰਵਾਨ ਕੀਤੀ ਅਤੇ ਇਕ ਘੰਟੇ ਬਾਅਦ ਉਹਨਾਂ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪਿੰਡ ਚੰਡਿਆਲਾ ਵਿਖੇ ਹੀ ਸ੍ਰੀ ਸਤਿਗੁਰੂ ਜੀ ਨੇ ਕੁਲਵੰਤ ਸਿੰਘ, ਬਲਵਿੰਦਰ ਸਿੰਘ ਪੁੱਤਰ ਸ. ਬਲਵੰਤ ਸਿੰਘ ਅਤੇ ਅਮਨਦੀਪ ਸਿੰਘ ਪੁੱਤਰ ਕੁਲਵੰਤ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਵੀ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੋਂ ਹੀ ਵਾਪਸ ਸ੍ਰੀ ਭੈਣੀ ਸਾਹਿਬ ਆਣ ਪਧਾਰੇ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਦੇ ਚੰਡੀਗੜ੍ਹ ਵਿਖੇ ਦਰਸ਼ਨ

ਸ੍ਰੀ ਭੈਣੀ ਸਾਹਿਬ ਵਿਖੇ ਤਕਰੀਬਨ ਇੱਕ ਮਹੀਨਾ ਭਰ ਚੱਲੇ ਨਾਮ ਸਿਮਰਨ ਜੱਪ ਪ੍ਰਯੋਗ ਦੀ ਸਮਾਪਤੀ ਉਪਰੰਤ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰਨ ਤੋਂ ਬਾਅਦ ਅੱਜ **ਮਿਤੀ 20 ਅਕਤੂਬਰ 2024 ਦਿਨ ਐਤਵਾਰ** ਨੂੰ ਬੈਂਗਲੌਰ ਦੀ ਤਿਆਰੀ ਸੀ। ਚੰਡੀਗੜ੍ਹ ਹਵਾਈ ਅੱਡੇ ਪਹੁੰਚਣ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਸੇਠ ਬਚਿੱਤਰ ਸਿੰਘ ਡਾਲਟਨ ਗੰਜ ਵਾਲਿਆਂ ਦੀ ਅਰਜ ਬੇਨਤੀ ਪ੍ਰਵਾਨ ਕਰਦੇ ਹੋਏ ਚੰਡੀਗੜ੍ਹ ਦੀ ਨਾਮਧਾਰੀ ਧਰਮਸ਼ਾਲਾ ਸੈਕਟਰ 30-B ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੇਠ ਬਚਿੱਤਰ ਸਿੰਘ ਅਤੇ ਉਹਨਾਂ ਦੇ ਸਮੁੱਚੇ ਪਰਿਵਾਰ ਵੱਲੋਂ ਚੰਡੀਗੜ੍ਹ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਰਸ਼ਨਾਂ ਅਤੇ ਪਰਿਵਾਰ ਦੀ ਸੁੱਖਸ਼ਾਂਤੀ ਲਈ ਮੇਲਾ ਕਰਵਾਇਆ ਜਾ ਰਿਹਾ ਸੀ। ਜਿਸ ਦੌਰਾਨ ਸਵੇਰੇ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਸ੍ਰੀ ਸਤਿਗੁਰੂ ਜੀ ਨੇ ਧਰਮਸ਼ਾਲਾ ਵਿਖੇ ਦਰਸ਼ਨ ਦਿੱਤੇ ਤਾਂ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਜੀ ਘੁੱਲਾ ਆਪਣੇ ਜਥੇ ਸਮੇਤ ਕੀਰਤਨ ਕਰ ਰਹੇ ਸਨ। ਕੀਰਤਨ ਦੀ ਸਮਾਪਤੀ ਉਪਰੰਤ ਸੰਤ ਗੁਰੂਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕਥਾ ਕੀਤੀ। ਸਮੁੱਚੇ ਪ੍ਰੋਗਰਾਮ ਦੀ ਸਮਾਪਤੀ ਦੀ ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ ਸਮੇਤ ਪੂਜਨੀਕ ਮਾਤਾ ਗੁਰਸ਼ਰਨ ਕੌਰ ਜੀ ਚੰਡੀਗੜ੍ਹ ਹਵਾਈ ਅੱਡੇ ਤੋਂ ਹਵਾਈ ਸਫਰ ਰਾਹੀ ਬੰਗਲੌਰ ਲਈ ਰਵਾਨਾ ਹੋ ਗਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਦੇ ਪਿੰਡ ਝਿੱਕਾ ਵਿਖੇ ਦਰਸ਼ਨ

ਸਮੁੱਚੀ ਨਾਮਧਾਰੀ ਸੰਗਤ ਅਤੇ ਨਾਮਧਾਰੀ ਪਰਿਵਾਰ ਇਸ ਗੱਲੋ ਮਹਾਨ ਉਤਮ ਭਾਗਾਂ ਵਾਲੇ ਹਨ ਕਿ ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਹਰ ਪਰਿਵਾਰ ਦੇ ਦੁੱਖ-ਸੁੱਖ ਨੂੰ ਆਪਣਾ ਨਿੱਜੀ ਦੁੱਖ ਸਮਝਦੇ ਹਨ। ਪਿਛਲੇ ਦਿਨੀ ਪਿੰਡ ਝਿੱਕਾ ਵਿਖੇ ਸ. ਮਨਮੋਹਨ ਸਿੰਘ ਗਿੱਲ ਦੀ ਲੜਕੀ ਬੀਬੀ ਸਰਬਜੀਤ ਕੌਰ ਸਵਰਗਵਾਸ ਹੋ ਗਏ ਸਨ। ਸ੍ਰੀ ਸਤਿਗੁਰੂ ਜੀ ਨੇ ਜਪ-ਪ੍ਰਯੋਗ ਦੇ ਦਿਨਾਂ ਦੌਰਾਨ ਹੀ ਸਮਾਂ ਕੱਢ ਕੇ ਪਿੰਡ ਝਿੱਕਾ ਵਿਖੇ **ਮਿਤੀ 18 ਸਤੰਬਰ 2024 ਦਿਨ ਬੁੱਧਵਾਰ** ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਬੀਬੀ ਸਰਬਜੀਤ ਕੌਰ ਦੇ ਪਤੀ ਸ. ਮੋਹਨ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਹੌਸਲਾ ਦਿੱਤਾ ਅਤੇ ਗੁਰੂ ਕੇ ਭਾਣੇ ਨੂੰ ਮੰਨਣ ਦਾ ਹੁਕਮ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

## ਵੈਨਕੂਵਰ ਦਾ ਜੱਪ ਪ੍ਰਯੋਗ

ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਤੇ ਕ੍ਰਿਪਾ ਸਦਕਾ ਦੇਸ਼- ਵਿਦੇਸ਼ਾਂ ਵਿੱਚ ਨਾਮਧਾਰੀ ਸੰਗਤ ਬਹਤੁ ਹੀ ਉਤਸ਼ਾਹ ਨਾਲ ਜਪ-ਪ੍ਰਯੋਗ ਮਨਾਉਂਦੀ ਹੈ। ਇਸੇ ਤਰ੍ਹਾਂ ਹੀ ਵੈਨਕੂਵਰ ਦੀ ਸਾਧ ਸੰਗਤ ਵੀ ਜਪ-ਪ੍ਰਯੋਗ ਵਿੱਚ ਹਿੱਸਾ ਪਾ ਕੇ ਆਪਣੇ-ਆਪ ਨੂੰ ਵਡਭਾਗਾ ਸਮਝਦੀ ਹੈ। ਜਦੋਂ ਅਸੀਂ ਜਪ-ਪ੍ਰਯੋਗ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਜਪ ਪ੍ਰਯੋਗ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ੁਰੂ ਕੀਤੇ। ਸਤਿਗੁਰੂ ਜੀ ਨੇ ਪੂਰੇ 40 ਦਿਨ ਨਾਮ ਦਾ ਤਪ ਕੀਤਾ ਅਤੇ ਭਾਈਆਂ ਨੂੰ ਵੀ ਕਰਵਾਇਆ। ਇਸ ਤਪ ਦਾ ਨਾਮ ਰੱਖਿਆ ਜਪ-ਪ੍ਰਯੋਗ।

ਮਾਤਾ ਭੁਪਿੰਦਰ ਕੌਰ ਜੀ ਨੇ ਬੀਬੀਆਂ ਨੂੰ ਵੀ ਜਪ ਪ੍ਰਯੋਗ ਵਿੱਚ ਸ਼ਾਮਿਲ ਹੋਣ ਦੀ ਇਜ਼ਾਜਤ ਸਤਿਗੁਰੂ ਜੀ ਤੋਂ ਦਵਾਈ। ਇਸ ਤਰ੍ਹਾਂ ਅੱਸੂ ਦਾ ਪੂਰਾ ਮਹੀਨਾ ਜੱਪ ਪ੍ਰਯੋਗ ਹੋਣ ਲੱਗ ਗਿਆ। ਜਪ ਪ੍ਰਯੋਗ ਨਾਲ ਜੋੜ ਕੇ ਸਤਿਗੁਰੂ ਜੀ ਨੇ ਸਾਡੀ ਰੂਹ ਦੇ ਨਾਲ-ਨਾਲ ਜੀਵਨ ਜਾਂਚ ਨੂੰ ਵੀ ਉੱਚਾ ਚੁੱਕਿਆ। ਇਸੇ ਲਈ ਹੀ ਜਿਆਦਾਤਰ ਸਾਧ ਸੰਗਤ ਘੱਟੋ-ਘੱਟ ਜਪ ਪ੍ਰਯੋਗ ਦੇ ਦਿਨਾਂ ਵਿਚ ਬਾਹਰੋਂ ਕੁਝ ਨਹੀਂ ਖਾਂਦੀ। ਸਾਧ ਸੰਗਤ ਹਰ ਰੋਜ ਸਵੇਰੇ ਜਲਦੀ ਉੱਠ ਕੇ ਆਪਣਾ ਦਿਨ ਸ਼ੁਰੂ ਕਰਦੀ ਹੈ, ਸਾਰਾ ਦਿਨ ਘੱਟ ਬੋਲ ਕੇ, ਵੱਧ ਤੋਂ ਵੱਧ ਨਾਮ-ਸਿਮਰਨ ਤੇ ਸਤਿਗੁਰਾਂ ਦੀ ਯਾਦ 'ਚ ਜੀਵਨ ਬਤੀਤ ਕੀਤਾ ਜਾਂਦਾ ਹੈ। ਰਾਤ ਨੂੰ ਵੀ ਜਲਦੀ ਸੌਂ ਕੇ ਆਪਣੇ ਦਿਨ ਬੀਤਾਇਆ ਜਾਂਦਾ ਹੈ।

ਵੈਨਕੂਵਰ ਵਿੱਚ ਬਹੁਤ ਤੇਜੀ ਦੀ ਜਿੰਦਗੀ ਹੋਣ ਦੇ ਬਾਵਜ਼ੂਦ ਜਪ ਪ੍ਰਯੋਗ ਸਵੇਰੇ 4:30 ਤੋਂ 5:30 ਹੁੰਦਾ ਰਿਹਾ। ਫਿਰ ਨਾਮ ਸਿਮਰਨ ਉਪਰੰਤ ਸਤਿਗੁਰੂ ਰਾਮ ਸਿੰਘ ਜੀ ਦਾ ਇਕ ਹੁਕਮਨਾਮਾ ਪੜਿਆ ਜਾਂਦਾ ਅਤੇ ਫਿਰ ਇਕ ਸ਼ਬਦ ਪੜ੍ਹ ਕੇ ਆਪਣੇ ਦਿਨ ਦੀ ਸ਼ੁਰੂਆਤ ਕੀਤੀ ਜਾਂਦੀ। ਇਸ ਜੱਪ ਪ੍ਰਯੋਗ ਵਿੱਚ ਬੱਚੇ, ਬਜ਼ੁਰਗ ਅਤੇ ਨੌਜਵਾਨ ਬਹੁਤ ਹੀ ਉਤਸ਼ਾਹ ਨਾਲ ਹਾਜ਼ਰ ਹੁੰਦੇ ਰਹੇ। ਇਥੇ ਕਈ ਸਰੀਰ ਸਰੀਰਕ ਤੌਰ ਤੇ ਜੇ ਸੰਗਤ ਵਿੱਚ ਸ਼ਾਮਿਲ ਨਹੀਂ ਹੋ ਸਕਦੇ ਸੀ ਤਾਂ ਉਹਨਾਂ ਲਈ Zoom ਦਾ ਵੀ ਪ੍ਰਬੰਧ ਕੀਤਾ ਗਿਆ। ਕਈ ਘਰ ਨਾਮਧਾਰੀ ਗੁਰਦੁਆਰੇ ਤੋਂ ਕਾਫੀ ਦੂਰ ਹੋਣ ਕਰਕੇ Zoom ਰਾਹੀਂ ਹਾਜ਼ਰ ਹੁੰਦੇ ਰਹੇ। ਕੁਝ ਰਾਤ ਨੂੰ ਕੰਮਾਂ ਤੇ ਜਾਣ ਵਾਲੇ ਅਤੇ ਕਈ ਸਵੇਰੇ ਜਲਦੀ ਕੰਮਾਂ ਤੇ ਜਾਣ ਵਾਲੇ ਵੀ Zoom ਦੀ ਮਦਦ ਨਾਲ ਜਪ ਪ੍ਰਯੋਗ ਦਾ ਹਿੱਸਾ ਬਣੇ ਰਹੇ।

ਹਰ ਸ਼ਨੀਵਾਰ ਤੇ ਐਤਵਾਰ ਆਸਾ ਦੀ ਵਾਰ ਇਥੋਂ ਦੇ ਉਸਤਾਦਾਂ ਅਤੇ ਉਹਨਾਂ ਦੇ ਸਿਖਾਏ ਬੱਚਿਆਂ ਵਲੋਂ ਹੁੰਦੀ ਰਹੀ। ਹਰ ਸ਼ਨੀਵਾਰ ਐਤਵਾਰ ਜਪ ਪ੍ਰਯੋਗ ਤੋਂ ਬਾਅਦ ਲੰਗਰ ਵੀ ਵਰਤਾਇਆ ਜਾਂਦਾ ਸੀ। ਇਥੇ ਸਤਿਗੁਰੂ ਜੀ ਦੀ ਕਿਰਪਾ ਨਾਲ ਹਮੇਸ਼ਾ ਸਾਰਾ ਲੰਗਰ ਹੀ ਛੋਟੀ ਸੋਧ ਦਾ ਬਣਦਾ ਹੈ। ਬਾਹਲੇ ਮੁਲਕਾਂ 'ਚ ਰਹਿੰਦੇ ਹੋਏ ਕਈ ਸਰੀਰਾਂ ਨੇ ਤੇ ਕਈ ਨੌਜਵਾਨਾਂ ਨੇ ਪੂਰੇ ਉਤਸ਼ਾਹ ਨਾਲ ਵੱਡੀ ਸੋਧ ਵੀ ਇਹ 40 ਦਿਨਾਂ ਲਈ ਰੱਖੀ।

ਇਥੋਂ ਦੇ ਪ੍ਰਮੁੱਖ ਸੇਵਾਦਾਰ ਪ੍ਰਧਾਨ ਗੁਰਸੇਵਕ ਸਿੰਘ, ਸੰਤ ਗੁਰਨਾਮ ਸਿੰਘ ਹੋਠ, ਸੂਬਾ ਬਲਬੀਰ ਸਿੰਘ, ਸੰਤ ਸੁਰਿੰਦਰ ਸਿੰਘ ਕੰਗ, ਸੰਤ ਦਿਲਜੀਤ ਸਿੰਘ, ਸੰਤ ਪ੍ਰਬਦੀਪ ਸਿੰਘ ਰੂਪਰਾ ਅਤੇ ਇਥੋਂ ਦੀ ਸਾਧ ਸੰਗਤ ਦੀ ਹਿੰਮਤ ਨਾਲ 48 ਘੰਟੇ ਨਾਮ ਸਿਮਰਨ ਦੀ ਅਖੰਡ ਵਰਨੀ ਹੋਈ। ਜਿਸ ਵਿੱਚ ਪੂਰੇ ਕਕਾਰਾਂ ਦੇ ਧਾਰਨੀ ਬੱਚੇ, ਨੌਜਵਾਨ ਅਤੇ ਬੀਬੀਆਂ ਵੱਡੀ ਸੋਧ ਮਰਿਆਦਾ ਰੱਖ ਕੇ ਘੰਟੇ-ਘੰਟੇ ਜਾਂ ਦੋ-ਦੋ ਘੰਟੇ ਦੀਆਂ ਰੌਲਾਂ ਲਗਾਈਆਂ। ਕਈਆਂ ਨੇ ਕਾਫੀ ਵਾਰ ਰੌਲਾਂ ਲਗਾਈਆਂ। ਇਸੇ 48 ਘੰਟਿਆਂ 'ਚ 1 ਸਾਧ ਸੰਗਤ ਨੇ ਮਿਲ ਕੇ ਸਾਧਾਰਨ ਪਾਠ ਵੀ ਪੂਰਾ ਕੀਤਾ। ਲੰਗਰ ਅਤੁੱਟ ਵਰਤਿਆ। 48 ਘੰਟੇ ਬਾਅਦ ਇਸ ਸਾਧਾਰਨ ਪਾਠ ਦੇ ਨਾਲ ਸਾਧ ਸੰਗਤ ਵਲੋਂ ਹੋਰ ਵੀ ਕਈ ਪਾਠਾਂ ਦੇ ਭੋਗ ਪਾਏ ਗਏ। ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ ਚੌਪਈ ਦੇ ਪਾਠ ਵੀ ਹੋਏ। ਇਸ ਤਰ੍ਹਾਂ ਮਹਾਨ ਜਪ ਪ੍ਰਯੋਗ ਦੀ ਸਮਾਪਤੀ ਦੀ ਅਰਦਾਸ ਹੋਈ।

ਬਾਅਦ ਵਿੱਚ ਸੰਗਤਾਂ ਨੂੰ ਪ੍ਰਸ਼ਾਦ ਦੇ ਤੌਰ ਤੇ ਲੋਈ, ਮਾਲਾ, ਬੱਚਿਆਂ ਨੂੰ ਕੰਬਲ ਅਤੇ ਚਾਕਲੈਟ ਦੇ ਤੋਹਫੇ ਵੀ ਵੰਡੇ ਗਏ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਜਿਸ ਵਿੱਚ ਬਹੁਤ ਹੀ ਸੁਆਦਲੇ ਅਤੇ ਬਹੁਤ ਤਰ੍ਹਾਂ ਦੇ ਪਕਵਾਨ ਬਣਾਏ ਗਏ।

**ਪੁਸ਼ਪਿੰਦਰ ਕੌਰ ਚਾਨਾ**

## ਸ਼੍ਰੋਮਣੀ ਜਥੇਦਾਰ ਜੀ ਦੀ ਸਪੁੱਤਰੀ ਨੂੰ ਥਾਪਿਆ ਸੂਬਾ

ਮਿਤੀ 14 ਅਕਤੂਬਰ 2024 ਈ. ਦਿਨ ਸੋਮਵਾਰ ਸ੍ਰੀ ਭੈਣੀ ਸਾਹਿਬ ਸਲਾਨਾ ਜਪ ਪ੍ਰਯੋਗ ਅਸੂ ਦੇ ਮੇਲੇ ਦੇ ਭੋਗ ਸਮੇਂ ਪਵਿੱਤਰ ਉਪਦੇਸ਼ ਕਰਦਿਆਂ ਨਾਮਧਾਰੀ ਪੰਥ ਦੇ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਨੇ ਬੀਬੀ ਨਰਿੰਦਰ ਕੌਰ (ਦਿੱਲੀ) ਨੂੰ ਸੂਬਾ ਪਦਵੀ ਦੀ ਸੇਵਾ ਬਖਸ਼ਿਸ਼ ਕੀਤੀ।

ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਜੀ ਅਤੇ ਬੀਬੀ ਪ੍ਰੀਤਮ ਕੌਰ ਦੀ ਸਪੁੱਤਰੀ ਬੀਬੀ ਨਰਿੰਦਰ ਕੌਰ ਨੂੰ ਨਾਮਧਾਰੀ ਪੰਥ ਦੀ ਸ਼੍ਰੋਮਣੀ ਸੇਵਾ ਲਈ ਸੂਬਾ ਥਾਪ ਕੇ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਪੰਥ ਦੀ ਇਸਤਰੀ ਜਾਤੀ ਨੂੰ ਸਮਾਜ ਵਿੱਚ ਬਰਾਬਰ ਅਸਥਾਨ ਦੇਣ ਵਾਲੀ ਰਿਵਾਇਤ ਨੂੰ ਹੋਰ ਪ੍ਰਬਲ ਕੀਤਾ, ਜਿਸ ਰਿਵਾਇਤ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀ ਹੁਕਮੀ ਨੂੰ ਸੂਬਾ ਥਾਪ ਕੇ ਸਥਾਪਿਤ ਕੀਤਾ ਸੀ।

ਬੀਬੀ ਨਰਿੰਦਰ ਕੌਰ ਜੀ ਦਾ ਜਨਮ ਰਾਈਆਂ ਵਿਖੇ ਹੋਇਆ ਅਤੇ ਕਰੀਬ ਚਾਰ ਸਾਲ ਦੀ ਉਮਰ ਸੀ ਜਦੋਂ ਸਾਰਾ



ਪਰਿਵਾਰ ਦਿੱਲੀ ਆ ਗਿਆ। ਬਚਪਨ ਤੋਂ ਹੀ ਪੜ੍ਹਾਈ ਲਿਖਾਈ ਖੇਡਾਂ ਅਤੇ ਹੋਰ ਗਤੀਵਿਧੀਆਂ 'ਚ ਸਕੂਲ ਕਾਲਜ ਵਿੱਚ ਅਵਲ ਆਉਣ ਵਾਲੀ ਨਰਿੰਦਰ ਕੌਰ ਨੇ ਗਰੈਜੂਏਸ਼ਨ ਦੀ ਚਲਦੀ ਪੜ੍ਹਾਈ ਛੱਡ ਪਰਿਵਾਰਕ ਲੋੜ ਅਨੁਸਾਰ ਅਨੰਦ ਕਾਰਜ ਕਰਵਾ ਕੇ ਵੱਡੀ ਜਿੰਮੇਵਾਰੀ ਸਾਂਭੀ। ਸੁਭਾਅ 'ਚ ਮਿਠਾਸ ਸਾਦਗੀ ਅਤੇ ਲੀਡਰਸ਼ਿਪ ਕੁਆਲਿਟੀ ਹੋਣ ਕਰਕੇ ਬੀਬੀ ਨਰਿੰਦਰ ਕੌਰ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਅਥਾਹ ਪਿਆਰ ਅਤੇ ਬਖਸ਼ਿਸ਼ ਪ੍ਰਾਪਤ ਹੋਈ, ਸ੍ਰੀ ਸਤਿਗੁਰੂ ਜੀ ਜਦੋਂ ਵੀ ਦਿੱਲੀ ਦਰਸ਼ਨ ਦਿੰਦੇ ਰਮੇਸ਼ ਨਗਰ ਗੁਰਦੁਆਰੇ ਵਿਖੇ ਬੀਬੀ ਜੀ ਪਹਿਰੇ ਦੀ ਸੇਵਾ ਤੇ ਖਲੋਂਦੇ, ਜੇ ਕਿਤੇ ਬੀਬੀ ਜੀ ਨੇ ਨਾ ਦਿਸਣਾ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਬੁਲਵਾ ਕੇ ਉਹਨਾਂ ਨੂੰ ਅੱਗੇ ਖਲ੍ਹਾਰ ਕੇ ਸੇਵਾ ਕਰਨ ਲਈ ਪ੍ਰੇਰਨਾ।

ਸੰਨ 1985 ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪ੍ਰਿੰਸੀਪਲ ਬੇਅੰਤ ਕੌਰ ਨੂੰ ਹੁਕਮ ਕਰ ਬੀਬੀ ਨਰਿੰਦਰ ਕੌਰ ਨੂੰ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਖੇ ਪ੍ਰਬੰਧਕੀ ਕੰਮਾਂ ਦੀ ਸੇਵਾ ਬਖਸ਼ੀ, ਸਨ 1988 ਵਿੱਚ ਬੀਬੀ ਜੀ ਨੂੰ ਦਿੱਲੀ ਇਸਤਰੀ ਵਿਦਿਅਕ ਜਥੇ ਦੀ ਸਕੱਤਰ ਦੀ ਸੇਵਾ ਪ੍ਰਾਪਤ ਹੋਈ ਸਨ 1996 ਈ. ਵਿੱਚ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸਤਰੀ ਵਿਦਿਅਕ ਜਥੇ ਦਾ ਵਿਸਥਾਰ ਕੀਤਾ, ਬੀਬੀ ਨਰਿੰਦਰ ਕੌਰ ਜੀ ਨੂੰ ਵਿਸ਼ਵ ਨਾਮਧਰੀ ਵਿਦਿਕ ਜਥਾ ਦੀ ਕੇਂਦਰੀ ਕਮੇਟੀ ਦੇ ਵਿੱਚ ਸਕੱਤਰ ਸੇਵਾ ਬਖਸ਼ੀ, ਇਹ ਸੇਵਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਸਮੇਂ 'ਚ 2016 ਤਕ ਨਿਰੰਤਰ ਨਿਭਦੀ ਰਹੀ।

90 ਦੇ ਦਹਾਕੇ ਤੋਂ ਹੀ ਬੀਬੀ ਜੀ ਨੇ ਦਿੱਲੀ ਦੀਆਂ ਬੀਬੀਆ ਦੀ ਅਗੁਵਾਈ ਕੀਤੀ, ਪਿਤਾ ਪੁਰਖੀ ਰਵਾਇਤ ਅਨੁਸਾਰ ਬੀਬੀ ਜੀ ਉਚਿਆ ਸੁਰਾਂ 'ਚ ਹਲੇ ਦਾ ਦੀਵਾਨ ਲਾਉਣ 'ਚ ਨਿਪੁੰਨ ਹਨ, ਬੀਬੀਆ ਦੇ ਜੱਥੇ ਦੁਆਰਾ ਹਫਤਾਵਾਰੀ ਘਰੋ ਘਰੀ ਨਿੱਤਨੇਮ ਦੀਵਾਨ, ਬਸੰਤ ਪੰਚਮੀ ਪੰਜ ਭਾਦਰੋਂ ਅਤੇ ਹੋਰ ਮੇਲਿਆ ਤੇ ਦੀਵਾਨ ਸਜਾਏ ਜਾਂਦੇ, 97-98 ਦਿੱਲੀ ਵਿਖੇ ਨੌਜਵਾਨਾਂ ਦੇ 5 ਜੱਥੇ ਸਥਾਪਤ ਕੀਤੇ ਗਏ ਮੈਨੂੰ ਵੀ ਸੇਵਾ ਮਿਲੀ, ਨਾਲ ਹੀ ਦਿੱਲੀ 'ਚ ਅਖੰਡ ਵਰਨੀ 'ਚ ਨੌਜਵਾਨ ਰੌਲਾ ਲਾਉਂਦੇ ਸਨ, ਅਸੀਂ ਮਹੀਨੇ 'ਚ ਇਕ ਮੀਟਿੰਗ ਕਰਨੀ ਆਰੰਭ ਕਰਨੀ ਬੀਬੀ ਜੀ ਸਾਡੇ ਤੋ ਬਹੁਤ ਸੀਨੀਅਰ ਹਨ ਅਤੇ ਕੇਂਦਰੀ ਕਮੇਟੀ ਦੇ ਮੈਂਬਰ ਹੁੰਦਿਆ ਵੀ ਸਾਡੇ ਨਾਲ ਵੱਡੇ ਛੋਟੇ ਦੇ ਭੇਦ ਤੋਂ ਪਰੇ ਹੋ ਕੇ ਨਾਲ ਤੁਰਦੇ, ਹਰ ਸੇਵਾ 'ਚ ਸਾਥ ਦਿੰਦੇ, ਅਸੀਂ ਰਲ ਮਿਲ ਵਸਾਖੀ ਮੇਲੇ ਵੀ ਮਨਾਏ ਅਤੇ ਦਿੱਲੀ ਵਿਖੇ 1997 ਈ. 'ਚ ਪਹਿਲਾ ਯਾਦਗਾਰੀ ਮਿੰਨੀ ਸੰਮੇਲਨ ਹੋਇਆ, ਸੂਬਾ ਅਰਵਿੰਦ ਸਿੰਘ ਜੀ, ਸੂਬਾ ਸੁਖਦੇਵ ਸਿੰਘ ਜੀ ਦਾ ਸਾਨੂੰ ਮਾਰਗ ਦਰਸ਼ਨ ਮਿਲਿਆ ਲੜਕੀਆਂ ਅਤੇ ਲੜਕਿਆ ਨੇ ਸੋਧ ਰੱਖੀ ਬੀਬੀ ਜੀ ਨੇ ਲੜਕੀਆਂ ਦੀ ਅਗਵਾਈ ਕੀਤੀ ਅਤੇ ਸੋਧ ਰੱਖਣ ਵਾਲੀਆਂ ਲੜਕੀਆਂ ਲੜਕਿਆਂ ਤੋ ਜਾਦਾ ਸਨ, ਸਤਿਗੁਰੂ ਜੀ ਨੇ ਲੜਕੀਆਂ ਨੂੰ ਸਲਾਹਿਆ, ਵਸਾਖੀ ਮੇਲੇ 'ਚ ਨਾਟਕ ਖੇਡਿਆ ਜਿਸ ਦਾ ਬੀਬੀ ਜੀ ਨੇ ਨਿਰਦੇਸ਼ਨ ਵੀ ਕੀਤਾ ਅਤੇ ਸੂਤਰਧਾਰ ਦੀ ਵੀ ਸੇਵਾ ਨਿਭਾਈ, ਦਿੱਲੀ ਵਿਖੇ ਇਕ ਬੜਾ ਵਧੀਆ ਧਾਰਮਿਕ ਮਾਹੌਲ ਬਣ ਗਿਆ। ਬੀਬੀ ਜੀ ਨੇ ਲਗਾਤਾਰ ਬੀਬੀਆ ਤੋਂ ਪਾਠ ਕਰਵਾਉਣੇ ਸ਼ੁਰੂ ਕੀਤੇ ਇਹ ਸੇਵਾ ਵੀ ਉਹ ਅੱਜ ਤਕ ਨਿਭਾ ਰਹੇ ਹਨ ਆਨੰਦ ਕਾਰਜ ਵਾਲੀਆਂ ਲੜਕੀਆਂ ਤੋਂ ਅਰਦਾਸ ਸੁਣਨੀ ਅਤੇ ਉਹਨਾਂ ਨੂੰ ਮਰਿਆਦਾ ਅਤੇ ਸਾਦਗੀ ਲਈ ਪ੍ਰੇਰਨ ਦੀ ਸੇਵਾ ਬੀਬੀ ਜੀ ਅੱਜ ਤਕ ਨਿਭਾ ਰਹੇ ਹਨ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਗੁਰੂ ਗੱਦੀ ਤੇ ਬਿਰਜਮਾਨ ਹੋਣ ਉਪਰੰਤ ਬੀਬੀ ਜੀ ਤਤੇ ਠੰਡੇ ਮਾਹੌਲ 'ਚ ਵੀ ਬਿਨਾਂ ਕਿਸੇ ਖ਼ੌਫ਼ ਤੋਂ ਅਡੋਲ ਹਰ ਪ੍ਰਕਾਰ ਦੀ ਸੇਵਾ ਨਿਭਾਈ, ਵੱਡੇ ਮੇਲਿਆ ਲਈ ਹੋਣ ਵਾਲੀਆਂ ਮੀਟਿੰਗਾਂ 'ਚ ਬੀਬੀ ਜੀ ਸਾਰੇ ਇਸਤਰੀ ਵਰਗ ਦਾ ਪ੍ਰਤਿਨਿਧਿਤਵ ਕਰਦੇ ਹਨ, 2018 'ਚ ਦਿੱਲੀ ਵਿਖੇ ਹੋਏ ਵਿਸ਼ਨ ਨਾਮਧਾਰੀ ਵਿਦਿਅਕ ਜੱਥੇ ਦੇ ਸੰਮੇਲਨ 'ਚ ਬੀਬੀਆ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ ਜਿਸ 'ਚ ਬੀਬੀ ਜੀ ਦੀ ਸੁਜੋਗ ਅਗਵਾਈ ਸੀ। ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਬੀਬੀ ਜੀ

ਨੇ ਦਿੱਲੀ ਵਿਖੇ ਬੱਚਿਆਂ ਨੂੰ ਗੁਰਮੁਖੀ ਅਤੇ ਗੁਰਬਾਣੀ ਦੀ ਪੜ੍ਹਾਈ ਵੀ ਕਰਵਾਉਣੀ ਸ਼ੁਰੂ ਕੀਤੀ, ਉਂਜ ਭਾਵੇਂ ਉਹ ਸ਼ਹੀਦ ਬਿਸ਼ਨ ਸਿੰਘ ਸਕੂਲ ਵਿੱਚ ਵੀ ਸੰਤ ਸਤਨਾਮ ਸਿੰਘ ਜੀ ਦੇ ਰਿਟਾਇਰ ਹੋਣ ਬਾਅਦ ਦੇ ਅਧਿਆਪਕ ਦੀ ਵੀ ਸੇਵਾ ਕਰ ਰਹੇ ਹਨ। ਬੀਬੀ ਜੀ ਨੇ ਸਦਾ ਗੁਰਮੁਖੀ ਪਹਿਰਾਵਾ ਰੱਖਿਆ, ਸੇਵਾ ਕੀਤੀ ਹੈ, ਸਿਮਰਨ ਕੀਤਾ ਹੈ, ਅਤੇ ਇਸ ਸੇਵਾ ਵਿੱਚ ਉਹਨਾਂ ਦੇ ਪਰਿਵਾਰ ਨੇ ਵੀ ਸਦਾ ਸਾਥ ਦਿੱਤਾ ਹੈ। ਅੱਜ ਜਦੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਬੀਬੀ ਜੀ ਨੂੰ ਸੂਬਾ ਥਾਪਿਆ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਕ ਬਚਨ ਯਾਦ ਆਇਆ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਵਾਰ ਹੁਕਮ ਕੀਤਾ ਕਿ ਬੀਬੀ ਜੀ ਨੂੰ ਕਾਰਪੋਰੇਸ਼ਨ ਦੀ ਟਿਕਟ ਤੇ ਇਲੈਕਸ਼ਨ ਲੜਾਉਣਾ ਹੈ ਪਰ ਕੁਝ ਕਾਰਨਾਂ ਕਰਕੇ ਬੀਬੀ ਜੀ ਨੂੰ ਟਿਕਟ ਨਹੀਂ ਮਿਲੀ, ਅੱਜ ਸਤਿਗੁਰੂ ਉਦੇ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਚੁਣੀ ਹੋਈ ਪ੍ਰਤੀਨਿਧੀ ਨੂੰ ਪੰਥ ਵਿਚ ਉੱਚ ਪਦ ਤੇ ਸੇਵਾ ਲਈ ਨਿਯੁਕਤ ਕੀਤਾ। ਇਹ ਸੇਵਾ ਮਿਲਣ ਤੋਂ ਬਾਅਦ ਸੂਬਾ ਨਰਿੰਦਰ ਕੌਰ ਜੀ ਜਦੋਂ ਸਤਿਗੁਰੂ ਉਦੇ ਸਿੰਘ ਦੇ ਦਰਸ਼ਨ ਕਰਨ ਗਏ ਤਾਂ ਉਹਨਾਂ ਨੇ ਅਰਜ਼ ਕੀਤੀ ਕੇ ਮੇਰੇ 'ਚ ਤਾਂ ਕੋਈ ਗੁਣ ਨਹੀਂ, ਤਾਂ ਸਤਿਗੁਰੂ ਜੀ ਹੁਕਮ ਕੀਤਾ ਗੁਣ ਤਾਂ ਸਾਡੇ ਕਿਸੇ ਚ ਵੀ ਨਹੀਂ ਹੁੰਦਾ ਸਤਿਗੁਰੂ ਜਗਜੀਤ ਸਿੰਘ ਜੀ ਆਪ ਸੇਵਾ ਲੈਅ ਲੈਂਦੇ ਹਨ।

**ਹਰਪਾਲ ਸਿੰਘ ਸੋਧੀ**

.......................................................

## Matrimonial

**Maninder Singh**
Father's name. Hira singh
Dob. 29 oct 1994
Cast. Kaler sehmi, Ramgarhia
Height. 6 ft
Education. Diploma in computer
Science and business, management
Occupation. Transport business Country.
Brampton Canada
981596174

.......................................................

**Balwinder Singh**
Age: 27
Citizen: Irish
Education: 12th equivalent
Hight: 6.1
Caste: jatt namdhari
Looking for namdhari Jatt, namdhari girl,
Hight at least 5.5, preferably in nursing.
Contact : +353862531804, +353899546809

.......................................................

**Name Jagmeet Singh**
Dob 27may, 1997
Surname - Bamrah
Height - 5ft 11inch
Study - ITI Electrician
Place - MOGA
9417964704

.......................................................

**ਨਾਮ : ਜੀਵਨ ਸਿੰਘ**
ਜਨਮ : 24/07/2000
ਲੰਬਾਈ : 6 ਫੁੱਟ
ਯੋਗਤਾ : ਆਈ ਟੀ ਆਈ ਡਿਪਲੋਮਾ ਕਾਰਪੇਂਟਰ ਤੇ ਪਲੰਬਰ ਵਿਚ ਬਾਰਵੀਂ ਕਲਾਸ ਤੋਂ ਬਾਅਦ।
ਮੌਜੂਦਾ ਸਟੇਟਸ: ਸਪੇਨ ਵਿੱਚ ਪੀ ਆਰ ਲੈਣ ਦੇ ਨੇੜੇ।
ਗੋਤ : ਮਾਨ (ਜੱਟ ਸਿੱਖ) ਨਾਮਧਾਰੀ।
ਪਿਤਾ : ਪਰਗਟ ਸਿੰਘ ਨਾਮਧਾਰੀ
ਰਹਿਸ਼ : ਸ੍ਰੀ ਭੈਣੀ ਸਾਹਿਬ
ਸੰਪਰਕ : 8727880233, 7707895789

.......................................................

**Name : Manipal Singh**
Father : S. Daljeet Singh Sabharwal
Mother : L. Mrs. Davinder Kaur
Date of birth : 7th Nov. 1989
Height : 5'8"
Qualification : M.A. (University of Delhi)
Professional : B.Ed.
Qualification Job : PGT Teacher
Contact no. : 9015248012 (Father)

.......................................................

# ਗੁਰੂ ਘਰ ਦੇ ਸੇਵਕ ਸੰਤ ਸਾਧੂ ਸਿੰਘ ਜੀ ਅਕਾਲ ਚਲਾਣਾ ਕਰ ਗਏ



ਸੰਤ ਸਾਧੂ ਜੀ ਖਤਰਾਵਾਂ ਵਾਲੇ **11 ਅਕਤੂਬਰ 2024** ਨੂੰ ਅਕਾਲ ਚਲਾਣਾ ਕਰ ਗਏ। ਸੰਤ ਸਾਧੂ ਸਿੰਘ ਦੇ ਪਿਤਾ ਦਾ ਨਾਮ ਸੋਹਨ ਸਿੰਘ ਅਤੇ ਮਾਤਾ ਦਾ ਨਾਮ ਗੁਰਬਚਨ ਕੌਰ ਸੀ। ਸੰਤ ਸਾਧੂ ਸਿੰਘ ਦਾ ਪਰਿਵਾਰ ਟਕਸਾਲੀ ਨਾਮਧਾਰੀ ਹੈ। ਸ. ਸੋਹਨ ਸਿੰਘ ਲੰਬਾ ਸਮਾਂ ਗੁਰੂ ਘਰ ਸੇਵਾ ਕਰਦੇ ਰਹੇ। ਗੱਡਿਆਂ ਤੇ ਗੁਰੂ ਘਰ ਦੀ ਉਗਰਾਹੀ ਲਈ ਲੰਬੇ ਪੈਂਡੇ ਤਹਿ ਕਰਨ ਵਾਲੇ ਸੋਹਨ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਗੁਰੂ ਘਰ ਦੀ ਸੇਵਾ ਕੀਤੀ। ਇਹਨਾਂ ਦੇ ਵਡੇਰੇ ਸ. ਹਿੰਮਤ ਸਿੰਘ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਜਨ ਦਿੱਤਾ ਸੀ।

ਇਹ ਹੀ ਲਗਨ ਸਾਧੂ ਸਿੰਘ ਦੇ ਅੰਦਰ ਸੀ। ਜਿਥੇ ਸੇਵਾ ਦਾ ਹੁਕਮ ਹੋਇਆ ਸਤਬਚਨ ਕਹਿ ਜੁੱਟ ਗਏ। ਸਾਧੂ ਸਿੰਘ ਦਾ ਜਨਮ ਸ੍ਰੀ ਭੈਣੀ ਸਾਹਿਬ ਹੀ ਹੋਇਆ ਬਚਪਨ ਵਿੱਚ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਿਥੇ ਦਰਸ਼ਨ ਪਰਸਨ ਦਾ ਸੁਭਾਗ ਪ੍ਰਾਪਤ ਹੋਇਆ ਉਥੇ ਸੇਵਾ ਦੀ ਲਗਨ ਵੀ ਹੁਕਮ ਅਨੁਸਾਰ ਲੱਗੀ। ਅਸਤਬਲ ਵਿੱਚ ਲੰਬਾ ਸਮਾਂ ਸੇਵਾ ਕਰਦੇ ਰਹੇ। ਸਾਧੂ ਸਿੰਘ ਇਕ ਚੰਗੇ ਘੋੜਸਵਾਰ ਸਨ। ਗੁਰੂ ਘਰ ਦੇ ਔਖੇ ਬਿਖੜੇ ਕਾਰਜਾਂ ਲਈ ਸਦਾ ਤੱਤਪਰ ਰਹਿੰਦੇ। ਜੁਝਾਰੂ ਸੁਭਾਅ ਦੇ ਮਾਲਕ ਸਾਧੂ ਸਿੰਘ ਗੁਰੂ ਦੀ ਨਿੰਦਿਆ ਕਰਨ ਵਾਲਿਆਂ ਨੂੰ ਸਬਰ ਸਿਖਾਉਣ ਲਈ ਵੀ ਪਿਛੇ ਨਾ ਰਹਿੰਦੇ ਸਬਕ ਸਿਖਾਉਣ ਦੇ ਮਾਮਲੇ ਵਿੱਚ ਉਹਨਾਂ ਨੇ ਲੰਬਾ ਸਮਾਂ ਜੇਲ ਵੀ ਕੱਟੀ।

ਸੰਤ ਸਾਧੂ ਸਿੰਘ ਜੀ ਅਨੰਦ ਕਾਰਜ ਮਸਤਾਨਾ ਦਸੌਂਧਾ ਸਿੰਘ ਦੀ ਪੋਤਰੀ ਬੀਬੀ ਕਪੂਰ ਕੌਰ ਨਾਲ ਹੋਇਆ। ਸਾਧੂ ਸਿੰਘ ਦੇ ਚਾਰ ਪੁੱਤਰ ਇਕ ਪੁੱਤਰੀ ਹੈ, ਪੁੱਤਰਾ ਦੇ ਨਾਮ ਜਸਵੰਤ ਸਿੰਘ, ਸ਼ਾਮ ਸਿੰਘ, ਮਲਕੀਤ ਸਿੰਘ, ਕੁਲਵੰਤ ਸਿੰਘ ਜੋ ਗੁਰੂ ਘਰ ਦੇ ਅਨਿੰਨ ਸੇਵਕ ਹਨ ਅਤੇ ਲੜਕੀ ਲਖਵਿੰਦਰ ਕੌਰ ਜੋ ਰਾਜਸਥਾਨ (ਜੋੜਕੀਆਂ) ਵਿਆਹੀ ਹੈ। ਸਾਰਾ ਪਰਿਵਾਰ ਗੁਰਸਿੱਖੀ ਨਾਲ ਜੁੜਿਆ ਹੋਇਆ ਹੈ। ਸੰਤ ਸਾਧੂ ਸਿੰਘ ਨੇ ਤਿੰਨ ਗੁਰੂ ਸਹਿਬਾਨਾਂ ਦੇ ਦਰਸ਼ਨ ਕੀਤੇ ਅਤੇ ਉਹਨਾਂ ਦੇ ਹੁਕਮ ਵਿੱਚ ਰਹਿ ਕੇ ਸੇਵਾ ਕੀਤੀ। ਸੰਤ ਸਾਧੂ ਸਿੰਘ ਦੇ ਨਮਿੱਤ ਸਹਿਜ ਪਾਠ ਦਾ ਭੋਗ **14 ਅਕਤੂਬਰ 2024 ਈ.** ਨੂੰ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਿਆ।

**ਬੰਸਾਵਲੀ**



**ਸਤਿਗੁਰੂ ਜਗਜੀਤ ਸਿੰਘ ਸ਼ਾਸਤਰੀ ਸੰਗੀਤ ਪ੍ਰਤਿਯੋਗਿਤਾ 2024**
**ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਨਵੀਂ ਦਿੱਲੀ - 20/10/2024**








**ਤੀਜਾ ਸਤਿਗੁਰੂ ਜਗਜੀਤ ਸਿੰਘ ਸ਼ਾਸ਼ਤਰੀ ਸੰਗੀਤ ਪ੍ਰਤਿਯੋਗਿਤਾ 2024**
**ਰਾਊਂਡ ਦੂਜਾ, ਕਲਕੱਤਾ - 22/10/2024**





Date of Publication: 6 November 2024
Date of Posting: 8 November 2024

RNI NO.55658/93
LDM/008/2021-2023

## ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਵਿਖੇ ਨਵੀਂ ਬਣੀ ਮੰਜ਼ਿਲ ਦਾ ਉਦਘਾਟਨ ਸ੍ਰੀ ਸਤਿਗੁਰੂ ਜੀ ਆਪਣੇ ਹਸਤ ਕੰਵਲਾਂ ਨਾਲ ਕਰਦੇ ਹੋਏ – 14/10/2024













Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (PART), Moti Nagar, New Delhi
and Published from Namdhari Gurdwara, Ramesh Nagar, New Delhi- 110015